


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Friday 27 March, 2026 | website: www.cee7news.com

## ਪੰਜਾਬ 'ਚ ਮੌਸਮ ਲਵੇਗਾ ਕਰਵਟ: ਮੀਂਹ, ਤੇਜ਼ ਹਵਾਵਾਂ ਅਤੇ ਗਰਜ-ਤੂਫ਼ਾਨ ਦਾ ਅਲਰਟ



ਪੰਜਾਬ ਵਿਚ ਮੌਸਮ ਬਦਲਣ ਵਾਲਾ ਹੈ। ਛਪੀ ਖ਼ਬਰ ਅਨੁਸਾਰ, ਇੱਕ ਨਵੀਂ ਮੌਸਮੀ ਪ੍ਰਣਾਲੀ ਆਉਣ ਵਾਲੀ ਹੈ ਜਿਸ ਕਾਰਨ ਸੂਬੇ ਵਿਚ ਮੀਂਹ, ਤੇਜ਼ ਹਵਾਵਾਂ ਅਤੇ ਗਰਜ-ਤੂਫ਼ਾਨ ਦੀ ਸੰਭਾਵਨਾ ਹੈ। ਇਸ ਖ਼ਬਰ ਵਿਚ ਦੱਸਿਆ ਗਿਆ ਹੈ ਕਿ ਇੱਕ ਮੌਸਮ ਪ੍ਰਣਾਲੀ ਅੱਜ ਯਾਨੀ 26 ਮਾਰਚ 2026 ਨੂੰ ਸਰਗਰਮ ਹੋਣ ਵਾਲੀ ਹੈ ਅਤੇ ਦੂਜੀ 28 ਮਾਰਚ ਦੀ ਰਾਤ ਨੂੰ ਆਕਟਿਵ ਹੋਵੇਗੀ। ਇਸ ਨਾਲ ਪੰਜਾਬ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਮੌਸਮ ਬਦਲ ਜਾਵੇਗਾ।ਅੱਜ ਦਾ ਮੌਸਮ ਆਮ ਤੌਰ ਤੇ ਸਾਫ਼ ਰਹਿਣ ਵਾਲਾ ਹੈ ਪਰ ਕੱਲ੍ਹ ਤੋਂ ਬਦਲਾਅ ਸ਼ੁਰੂ ਹੋਣਗੇ। ਇਸ ਤੋਂ ਪਹਿਲਾਂ ਵੀ ਮੌਸਮ ਵਿਭਾਗ ਨੇ 25 ਅਤੇ 26 ਮਾਰਚ ਲਈ ਰਿਸ਼ ਅਤੇ ਤੇਜ਼ ਹਵਾਵਾਂ ਦੀ ਭਵਿੱਖਬਾਣੀ ਕੀਤੀ ਸੀ। ਖਾਸ ਤੌਰ ਤੇ 26 ਮਾਰਚ ਨੂੰ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਬਾਰਿਸ਼, ਗਰਜਨ-ਬਿਜਲੀ ਅਤੇ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲਣ ਦਾ ਅਲਰਟ ਜਾਰੀ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਫਾਜ਼ਿਲਕਾ, ਫਰੀਦਕੋਟ, ਮੁਕਤਸਰ, ਮੋਗਾ, ਬਠਿੰਡਾ, ਬਰਨਾਲਾ, ਮਾਨਸਾ ਅਤੇ ਸੰਗਰੂਰ ਸ਼ਾਮਲ ਹਨ। ਇਸ ਤੋਂ ਇਲਾਵਾ ਕੁਝ ਇਲਾਕਿਆਂ ਵਿਚ ਤੂਫ਼ਾਨ ਵਰਗੀ ਸਥਿਤੀ ਵੀ ਬਣ ਸਕਦੀ ਹੈ।ਪੰਜਾਬ ਵਿਚ ਮਾਰਚ ਮਹੀਨੇ ਦਾ ਮੌਸਮ ਆਮ ਤੌਰ ਤੇ ਗਰਮ ਹੋਣਾ ਸ਼ੁਰੂ ਹੋ ਜਾਂਦਾ ਹੈ। ਔਸਤ ਵੱਧ ਤਾਪਮਾਨ 27 ਤੋਂ 32 ਡਿਗਰੀ ਸੈਲਸੀਅਸ ਤੱਕ ਰਹਿੰਦਾ ਹੈ ਅਤੇ ਘੱਟ ਤਾਪਮਾਨ 10 ਤੋਂ 15 ਡਿਗਰੀ ਤੱਕ ਹੁੰਦਾ ਹੈ। ਪਰ ਇਸ ਵਾਰ ਮੌਸਮੀ ਪ੍ਰਣਾਲੀਆਂ ਕਾਰਨ ਤਾਪਮਾਨ ਵਿਚ ਥੋੜ੍ਹਾ ਉਤਰਾਅ ਆ ਸਕਦਾ ਹੈ। ਲੁਧਿਆਣਾ ਵਰਗੇ ਸ਼ਹਿਰਾਂ ਵਿਚ ਵੀ ਇਸ ਬਦਲਾਅ ਦਾ ਅਸਰ ਦਿਖਾਈ ਦੇਵੇਗਾ। ਖੇਤੀਬਾੜੀ ਲਈ ਇਹ ਮੀਂਹ ਲਾਭਦਾਇਕ ਹੋ ਸਕਦਾ ਹੈ ਪਰ ਤੇਜ਼ ਹਵਾਵਾਂ ਅਤੇ ਗਰਜ ਤੋਂ ਫਸਲਾਂ ਨੂੰ ਨੁਕਸਾਨ ਵੀ ਹੋ ਸਕਦਾ ਹੈ। ਖਾਸ ਕਰਕੇ ਗੰਨੇ, ਗੇਹੂੰ ਅਤੇ ਹੋਰ ਰਬੀ ਫਸਲਾਂ ਤੇ ਧਿਆਨ ਰੱਖਣਾ ਚਾਹੀਦਾ ਹੈ।ਮੌਸਮ ਵਿਭਾਗ ਅਨੁਸਾਰ ਇਹ ਬਦਲਾਅ ਇੱਕ ਵੈਸਟਰਨ ਡਿਸਟਰਬੈਂਸ ਜਾਂ ਸਾਈਕਲੋਨਿਕ ਸਰਕੁਲੇਸ਼ਨ ਕਾਰਨ ਹੋ ਰਿਹਾ ਹੈ। ਇਸ ਨਾਲ ਉੱਤਰੀ ਭਾਰਤ ਵਿਚ ਵੀ ਮੌਸਮ ਪ੍ਰਭਾਵਿਤ ਹੋਵੇਗਾ। ਪੰਜਾਬ ਵਿਚ ਬਾਰਿਸ਼ ਦੀ ਤੀਬਰਤਾ ਘੱਟ ਤੋਂ ਵੱਧ ਹੋ ਸਕਦੀ ਹੈ। ਕੁਝ ਥਾਵਾਂ ਤੇ ਭਾਰੀ ਬਾਰਿਸ਼ ਵੀ ਪੈ ਸਕਦੀ ਹੈ। ਲੋਕਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਖੁੱਲ੍ਹੇ ਆਸਮਾਨ ਹੇਠ ਨਾ ਰਹਿਣ ਅਤੇ ਬਿਜਲੀ ਦੀਆਂ ਤਾਰਾਂ ਤੋਂ ਦੂਰ ਰਹਿਣ। ਖੇਤੀਬਾੜੀ ਵਾਲੇ ਲੋਕ ਆਪਣੀਆਂ ਫਸਲਾਂ ਨੂੰ ਸੁਰੱਖਿਅਤ ਰੱਖਣ ਲਈ ਤਿਆਰ ਰਹਿਣ। ਅਗਲੇ ਕੁਝ ਦਿਨਾਂ ਵਿਚ ਤਾਪਮਾਨ ਵਿਚ ਵੀ ਉਤਰਾਅ-ਚੜ੍ਹਾਅ ਵੇਖਣ ਨੂੰ ਮਿਲ ਸਕਦਾ ਹੈ। ਤਾਪਮਾਨ ਵਧਣ ਦੀ ਸੰਭਾਵਨਾ ਹੈ ਪਰ ਇਸ ਵਾਰ ਮੀਂਹ ਕਾਰਨ ਠੰਡਕ ਮਹਿਸੂਸ ਹੋ ਸਕਦੀ ਹੈ। ਲੋਕਾਂ ਨੂੰ ਇਸ ਬਦਲਾਅ ਲਈ ਤਿਆਰ ਰਹਿਣਾ ਚਾਹੀਦਾ ਹੈ।



# ਪੰਜਾਬ ਵਾਸੀਆਂ ਲਈ ਝਟਕਾ

## ਨਯਾਰਾ ਐਨਰਜੀ ਵੱਲੋਂ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ

ਦੇਸ਼ ਦੀ ਸਭ ਤੋਂ ਵੱਡੀ ਨਿੱਜੀ ਈਂਧਣ ਰੀਟੇਲ ਕੰਪਨੀ ਨਯਾਰਾ ਐਨਰਜੀ ਨੇ 26 ਮਾਰਚ 2026 ਨੂੰ ਭਾਰਤ ਭਰ ਵਿੱਚ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਹੈ। ਇਸ ਵਾਧੇ ਨਾਲ ਆਮ ਲੋਕਾਂ ਦੀ ਜੇਬ ਉੱਤੇ ਬੋਝ ਵਧ ਗਿਆ ਹੈ। ਕੰਪਨੀ ਨੇ ਪੈਟਰੋਲ ਦੀ ਕੀਮਤ ਪ੍ਰਤੀ ਲੀਟਰ 5 ਰੁਪਏ 30 ਪੈਸੇ ਤੱਕ ਵਧਾ ਦਿੱਤੀ ਹੈ, ਜਦਕਿ ਡੀਜ਼ਲ ਵਿੱਚ 3 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਇਹ ਵਾਧਾ ਵੱਖ-ਵੱਖ ਰਾਜਾਂ ਵਿੱਚ ਵੈਟ ਟੈਕਸ ਕਾਰਨ ਥੋੜ੍ਹਾ ਵੱਖਰਾ ਵੀ ਹੋ ਸਕਦਾ ਹੈ।

ਇਸ ਵਾਧੇ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਤਣਾਅ ਹੈ। ਈਰਾਨ ਅਤੇ ਅਮਰੀਕਾ ਵਿਚਕਾਰ ਚੱਲ ਰਿਹਾ ਟਕਰਾਅ, ਹੋਰਮੁਜ਼ ਜਲਡਮਰੂ ਦੀ ਰੁਕਾਵਟ ਅਤੇ ਈਰਾਨ-ਇਜ਼ਰਾਈਲ ਵਿਵਾਦ ਕਾਰਨ ਦੁਨੀਆ ਭਰ ਵਿੱਚ ਤੇਲ ਦੀ ਸਪਲਾਈ ਪ੍ਰਭਾਵਿਤ ਹੋਈ ਹੈ। ਇਸ ਨਾਲ ਗਲੋਬਲ ਤੇਲ ਦੀਆਂ ਕੀਮਤਾਂ ਵਿੱਚ ਤੇਜ਼ੀ ਆਈ ਹੈ। ਨਯਾਰਾ ਐਨਰਜੀ, ਜੋ ਰੂਸੀ ਕੰਪਨੀ ਰੋਸਨੈਫਟ ਦੀ ਬਹੁਮਤੀ ਮਲਕੀਅਤ ਵਾਲੀ ਹੈ, ਨੇ ਇਸ ਵਾਧੇ ਨੂੰ ਆਪਣੀਆਂ ਲਾਗਤਾਂ ਨੂੰ ਗਾਹਕਾਂ ਉੱਤੇ ਟ੍ਰਾਂਸਫਰ ਕਰਨ ਲਈ ਕੀਤਾ ਹੈ। ਸਰਕਾਰੀ ਤੇਲ ਕੰਪਨੀਆਂ ਨੂੰ ਇਸ ਤਰ੍ਹਾਂ ਦੇ ਨੁਕਸਾਨ ਲਈ ਮੁਆਵਜ਼ਾ ਮਿਲਦਾ ਹੈ, ਪਰ ਨਿੱਜੀ ਕੰਪਨੀਆਂ ਨੂੰ ਇਸ ਤਰ੍ਹਾਂ ਦੀ ਕੋਈ ਰਾਹਤ ਨਹੀਂ ਮਿਲਦੀ। ਇਸ ਲਈ ਉਨ੍ਹਾਂ ਨੂੰ ਕੀਮਤਾਂ ਵਧਾਉਣੀਆਂ ਪਈਆਂ ਹਨ।

ਨਯਾਰਾ ਐਨਰਜੀ ਭਾਰਤ ਵਿੱਚ ਲਗਭਗ 6967 ਪੈਟਰੋਲ ਪੰਪ ਚਲਾਉਂਦੀ ਹੈ, ਜੋ ਕਿ ਦੇਸ਼ ਭਰ ਵਿੱਚ 1 ਲੱਖ ਤੋਂ ਵੱਧ ਪੰਪਾਂ ਵਿੱਚੋਂ ਇੱਕ ਵੱਡਾ ਹਿੱਸਾ ਹੈ। ਇਸ ਵਾਧੇ ਤੋਂ ਬਾਅਦ ਪੈਟਰੋਲ ਅਤੇ ਡੀਜ਼ਲ ਦੀਆਂ ਨਵੀਆਂ ਕੀਮਤਾਂ ਵੱਖ-ਵੱਖ ਸ਼ਹਿਰਾਂ ਵਿੱਚ ਵੱਖਰੀਆਂ ਹੋਣਗੀਆਂ। ਪੰਜਾਬ ਵਿੱਚ ਵੀ ਇਸ ਦਾ ਪ੍ਰਭਾਵ ਪਵੇਗਾ। ਆਮ ਤੌਰ ਉੱਤੇ ਪੰਜਾਬ ਵਿੱਚ ਪੈਟਰੋਲ ਦੀ ਔਸਤ ਕੀਮਤ ਲਗਭਗ 94 ਤੋਂ 98 ਰੁਪਏ ਪ੍ਰਤੀ ਲੀਟਰ ਆਸ ਪਾਸ ਹੈ ਅਤੇ ਡੀਜ਼ਲ ਲਗਭਗ 87 ਤੋਂ 88 ਰੁਪਏ ਆਸ ਪਾਸ ਹੈ, ਪਰ ਨਯਾਰਾ ਦੇ ਪੰਪਾਂ ਉੱਤੇ ਹੁਣ ਇਹ ਵਧ ਜਾਵੇਗੀ। ਲੁਧਿਆਣਾ, ਅੰਮ੍ਰਿਤਸਰ, ਜਲੰਧਰ, ਚੰਡੀਗੜ੍ਹ ਆਸ ਪਾਸ ਅਤੇ ਮੋਹਾਲੀ ਵਰਗੇ ਸ਼ਹਿਰਾਂ ਵਿੱਚ ਗਾਹਕਾਂ ਨੂੰ ਇਸ ਵਾਧੇ ਦਾ ਸਿੱਧਾ ਅਸਰ ਮਹਿਸੂਸ ਹੋਵੇਗਾ।

ਪੰਜਾਬ ਵਿੱਚ ਖੇਤੀਬਾੜੀ ਅਤੇ ਟ੍ਰਾਂਸਪੋਰਟ ਡੀਜ਼ਲ ਉੱਤੇ ਬਹੁਤ ਨਿਰਭਰ ਹੈ। ਟਰੈਕਟਰ, ਟਰੱਕ ਅਤੇ ਬੱਸਾਂ ਚਲਾਉਣ ਵਾਲਿਆਂ ਲਈ ਇਹ ਵਾਧਾ ਵਾਧੂ ਖਰਚਾ ਵਧਾਏਗਾ। ਛੋਟੇ ਵਪਾਰੀ ਅਤੇ ਆਮ ਗਾੜੀ ਚਾਲਕ ਵੀ ਇਸ ਤੋਂ ਪ੍ਰਭਾਵਿਤ ਹੋਣਗੇ।

ਇੱਕ ਔਸਤ ਪਰਿਵਾਰ ਲਈ ਮਹੀਨਾਵਾਰ ਈਂਧਣ ਉੱਤੇ ਖਰਚਾ ਕਈ ਸੌ ਰੁਪਏ ਵਧ ਸਕਦਾ ਹੈ। ਇਸ ਨਾਲ ਮਾਲ ਟ੍ਰਾਂਸਪੋਰਟ ਦੀਆਂ ਲਾਗਤਾਂ ਵਧਣਗੀਆਂ, ਜਿਸ ਕਾਰਨ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ ਵੀ ਵਧਣ ਦਾ ਖਤਰਾ ਹੈ। ਪਿਛਲੇ ਸਮੇਂ ਵਿੱਚ ਵੀ ਨਯਾਰਾ ਐਨਰਜੀ ਨੇ ਆਪਣੇ ਪੰਪਾਂ ਉੱਤੇ ਛੋਟਾਂ ਅਤੇ ਆਫਰ ਦਿੱਤੇ ਸਨ, ਜਿਵੇਂ ਡੀਜ਼ਲ ਉੱਤੇ ਇੱਕ ਰੁਪਏ ਛੋਟ ਜਾਂ ਇੱਕ ਹਜ਼ਾਰ ਰੁਪਏ ਭਰਨ ਉੱਤੇ ਪੰਜ ਰੁਪਏ ਤੱਕ ਛੋਟ। ਪਰ ਹੁਣ ਵਾਧੇ ਕਾਰਨ ਇਸ ਤਰ੍ਹਾਂ ਦੀਆਂ ਛੋਟਾਂ ਵੀ ਘੱਟ ਅਸਰਦਾਰ ਹੋ ਸਕਦੀਆਂ ਹਨ। ਸਰਕਾਰੀ ਤੇਲ ਕੰਪਨੀਆਂ ਇਸ ਵੇਲੇ ਕੀਮਤਾਂ ਉੱਤੇ ਰੋਕ ਲਗਾਈ ਹੋਈ ਹਨ ਅਤੇ ਉਨ੍ਹਾਂ ਨੇ ਕੋਈ ਵਾਧਾ ਨਹੀਂ ਕੀਤਾ। ਇਸ ਲਈ ਗਾਹਕ ਨਯਾਰਾ ਤੋਂ ਬਚ ਕੇ ਆਈਓਸੀ, ਬੀਪੀਸੀਐਲ ਜਾਂ ਐਚਪੀਸੀਐਲ ਵਾਲੇ ਪੰਪਾਂ ਉੱਤੇ ਈਂਧਣ ਭਰਨ ਦੀ ਚੋਣ ਕਰ ਸਕਦੇ ਹਨ।ਇਸ ਵਾਧੇ ਨਾਲ ਆਰਥਿਕ ਤੌਰ ਉੱਤੇ ਵੀ ਅਸਰ ਪਵੇਗਾ। ਇੰਫਲੇਸ਼ਨ ਵਧਣ ਦਾ ਖਤਰਾ ਹੈ ਅਤੇ ਟ੍ਰਾਂਸਪੋਰਟ ਖਰਚੇ ਵਧਣ ਨਾਲ ਵਪਾਰ ਉੱਤੇ ਬੋਝ ਵਧੇਗਾ। ਪੰਜਾਬ ਵਰਗੇ ਰਾਜ ਵਿੱਚ ਜਿੱਥੇ ਖੇਤੀ ਅਤੇ ਉਦਯੋਗ ਬਹੁਤ ਮਹੱਤਵਪੂਰਨ ਹਨ, ਇਸ ਤਰ੍ਹਾਂ ਦਾ ਵਾਧਾ ਲੋਕਾਂ ਦੀ ਖਰੀਦ ਸ਼ਕਤੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਲੋਕਾਂ ਨੂੰ ਸਲਾਹ ਹੈ ਕਿ ਉਹ ਈਂਧਣ ਦੀ ਬਚਤ ਲਈ ਗਾੜੀਆਂ ਦੀ ਸਹੀ ਵਰਤੋਂ ਕਰਨ ਅਤੇ ਜ਼ਰੂਰਤ ਤੋਂ ਵੱਧ ਭਰਨ ਤੋਂ ਬਚਣ।

ਇਸ ਤੋਂ ਇਲਾਵਾ, ਵਿਸ਼ਵ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ। ਜੇਕਰ ਮੱਧ ਪੂਰਬ ਵਿੱਚ ਤਣਾਅ ਘੱਟ ਹੋਇਆ ਤਾਂ ਕੀਮਤਾਂ ਵਿੱਚ ਰਾਹਤ ਮਿਲ ਸਕਦੀ ਹੈ। ਪਰ ਫਿਲਹਾਲ ਗਾਹਕਾਂ ਨੂੰ ਇਸ ਵਾਧੇ ਨਾਲ ਗੁਜ਼ਾਰਾ ਕਰਨਾ ਪਵੇਗਾ। ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਨਯਾਰਾ ਪੰਪਾਂ ਉੱਤੇ ਨਵੀਆਂ ਕੀਮਤਾਂ ਲਾਗੂ ਹੋ ਚੁੱਕੀਆਂ ਹਨ। ਲੁਧਿਆਣਾ ਵਿੱਚ ਰਹਿਣ ਵਾਲੇ ਲੋਕ ਆਪਣੇ ਨਜ਼ਦੀਕੀ ਪੰਪ ਉੱਤੇ ਜਾ ਕੇ ਤਾਜ਼ਾ ਰੇਟ ਚੈੱਕ ਕਰ ਲੈਣ।

ਇਸ ਖਬਰ ਨੇ ਲੋਕਾਂ ਵਿੱਚ ਚਰਚਾ ਛੇੜ ਦਿੱਤੀ ਹੈ ਕਿ ਸਰਕਾਰ ਨਯਾਰਾ ਵਰਗੀਆਂ ਨਿੱਜੀ ਕੰਪਨੀਆਂ ਲਈ ਵੀ ਕੁਝ ਰਾਹਤ ਦੇਵੇ ਤਾਂ ਜੋ ਆਮ ਆਦਮੀ ਉੱਤੇ ਬੋਝ ਘੱਟ ਹੋਵੇ। ਫਿਲਹਾਲ ਤੱਕ ਇਹ ਵਾਧਾ ਸਿਰਫ ਨਯਾਰਾ ਐਨਰਜੀ ਵਾਲੇ ਪੰਪਾਂ ਉੱਤੇ ਹੀ ਲਾਗੂ ਹੈ। ਬਾਕੀ ਕੰਪਨੀਆਂ ਇਸ ਵੇਲੇ ਚੁੱਪ ਹਨ। ਲੋਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਗਾੜੀ ਦੀ ਮਾਈਲੇਜ ਵਧਾਉਣ ਲਈ ਚੰਗੀ ਡਰਾਈਵਿੰਗ ਅਤੇ ਨਿਯਮਿਤ ਸਰਵਿਸਿੰਗ ਉੱਤੇ ਧਿਆਨ ਦੇਣ।ਇਸ ਤਰ੍ਹਾਂ ਦੇ ਵਾਧਿਆਂ ਨਾਲ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਪ੍ਰਭਾਵਿਤ ਹੁੰਦੀ ਹੈ। ਚਾਹੇ ਉਹ ਆਫਿਸ ਜਾਣ ਵਾਲੇ ਹੋਣ ਜਾਂ ਖੇਤੀ ਕੰਮ ਕਰਨ ਵਾਲੇ, ਈਂਧਣ ਦੀਆਂ ਉੱਚ ਕੀਮਤਾਂ ਹਰ ਕਿਸੇ ਲਈ ਚਿੰਤਾ ਦਾ ਵਿਸ਼ਾ ਹਨ। ਭਵਿੱਖ ਵਿੱਚ ਜੇਕਰ ਗਲੋਬਲ ਸਥਿਤੀ ਸੁਧਰੀ ਤਾਂ ਇਸ ਵਾਧੇ ਵਿੱਚ ਰਾਹਤ ਮਿਲ ਸਕਦੀ ਹੈ।

**Cee7 NEWS** ਹਾਰਮੁਜ਼ ਜਲਡੰਘੀ ਬੰਦ ਹੋਣ ਦਾ ਖ਼ਦਸ਼ਾ: ਤੇਲ, ਗੈਸ ਅਤੇ ਪੈਟਰੋਲ ਦੀ ਸਪਲਾਈ ਬੁਰੀ ਤਰ੍ਹਾਂ ਪ੍ਰਭਾਵਿਤ

# ਪੱਛਮੀ ਏਸ਼ੀਆ 'ਚ ਜੰਗ ਦੇ ਬੱਦਲ: ਹੋਰਮੁਜ਼ ਜਲਡੰਘੀ ਅਤੇ ਈਰਾਨ 'ਚ ਵਧਿਆ ਭਾਰੀ ਤਣਾਅ

ਹੋਰਮੁਜ਼ ਜਲਡਮਰੂ ਵਿਚ ਤਣਾਅ ਅਤੇ ਈਰਾਨ ਨਾਲ ਜੁੜੀਆਂ ਯੁੱਧ ਵਾਲੀਆਂ ਖਬਰਾਂ ਨੇ ਪੂਰੇ ਪੱਛਮੀ ਏਸ਼ੀਆ ਵਿਚ ਉਥਲ-ਪੁਥਲ ਮਚਾ ਰੱਖੀ ਹੈ। ਇਸ ਜਲਡਮਰੂ ਦੇ ਬੰਦ ਹੋਣ ਦੇ ਡਰ ਕਾਰਨ ਐਲਪੀਜੀ, ਪੈਟਰੋਲ ਅਤੇ ਡੀਜ਼ਲ ਵਰਗੀਆਂ ਚੀਜ਼ਾਂ ਦੀ ਸਪਲਾਈ ਉੱਤੇ ਭਾਰੀ ਅਸਰ ਪਿਆ ਹੈ। ਏਸ਼ੀਆਈ ਦੇਸ਼ਾਂ ਵਿਚ ਤੇਲ ਅਤੇ ਗੈਸ ਦੀ ਭਾਰੀ ਕਮੀ ਵੇਖੀ ਜਾ ਰਹੀ ਹੈ। ਇਸ ਤਣਾਅ ਵਿਚ ਭਾਰਤ ਨੇ ਇੱਕ ਵੱਡਾ ਕਦਮ ਚੁੱਕਿਆ ਹੈ। ਭਾਰਤ ਨੇ ਕਈ ਸਾਲਾਂ ਬਾਅਦ ਈਰਾਨ ਤੋਂ ਐਲਪੀਜੀ ਦਾ ਪਹਿਲਾ ਟੈਂਕਰ ਖਰੀਦ ਲਿਆ ਹੈ। ਇਹ ਟੈਂਕਰ ਅਸਲ ਵਿਚ ਚੀਨ ਵੱਲ ਜਾ ਰਿਹਾ ਸੀ, ਪਰ ਭਾਰਤ ਨੇ ਤੇਜ਼ੀ ਨਾਲ ਗੱਲਬਾਤ ਕਰਕੇ ਇਸ ਨੂੰ ਆਪਣੇ ਵੱਲ ਮੋੜ ਲਿਆ।

ਖਬਰਾਂ ਮੁਤਾਬਕ ਇਹ ਈਰਾਨੀ ਝੰਡੇ ਵਾਲਾ ਟੈਂਕਰ 'ਔਰੋਰਾ' ਨਾਮਕ ਹੈ। ਲੰਡਨ ਸਟਾਕ ਐਕਸਚੇਂਜ ਗਰੁੱਪ (LSEG) ਦੇ ਅੰਕੜਿਆਂ ਅਨੁਸਾਰ ਇਹ ਜਹਾਜ਼ ਚੀਨ ਵੱਲ ਵਧ ਰਿਹਾ ਸੀ। ਭਾਰਤੀ ਖੁਫੀਆ ਏਜੰਸੀਆਂ ਨੂੰ ਇਸ ਦੀ ਗਤੀਵਿਧੀ ਦੀ ਜਾਣਕਾਰੀ ਲੱਗੀ ਤਾਂ ਭਾਰਤ ਨੇ ਤੁਰੰਤ ਈਰਾਨ ਨਾਲ ਸੰਪਰਕ ਕੀਤਾ। ਸਮੁੰਦਰ ਵਿਚ ਹੀ ਗੱਲਬਾਤ ਚੱਲੀ ਅਤੇ ਸੌਦਾ ਫਾਈਨਲ ਹੋ ਗਿਆ। ਭਾਰਤ ਨੇ ਇਸ ਐਲਪੀਜੀ ਨੂੰ ਰੁਪਏ ਵਿਚ ਭੁਗਤਾਨ ਕਰਕੇ ਖਰੀਦਿਆ। ਇਹ ਸੌਦਾ ਅਮਰੀਕਾ ਵੱਲੋਂ ਈਰਾਨੀ ਤੇਲ ਅਤੇ ਰਿਫਾਈਨਡ ਫਿਊਲ ਉੱਤੇ 30 ਦਿਨਾਂ ਦੀ ਛੋਟ ਦੇ ਦੌਰਾਨ ਕੀਤਾ ਗਿਆ। ਟਰੰਪ ਪ੍ਰਸ਼ਾਸਨ ਨੇ ਇਹ ਛੋਟ ਤੇਲ ਦੀਆਂ ਕੀਮਤਾਂ ਨੂੰ ਕੰਟਰੋਲ ਵਿਚ ਰੱਖਣ ਲਈ ਦਿੱਤੀ ਸੀ।

2019 ਵਿਚ ਪੱਛਮੀ ਦੇਸ਼ਾਂ ਵੱਲੋਂ ਈਰਾਨ ਉੱਤੇ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਭਾਰਤ ਨੇ ਤਹਿਰਾਨ ਤੋਂ ਊਰਜਾ ਆਯਾਤ ਬੰਦ ਕਰ ਦਿੱਤੀ ਸੀ। ਉਸ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਭਾਰਤ ਈਰਾਨੀ ਐਲਪੀਜੀ ਖਰੀਦ ਰਿਹਾ ਹੈ। ਇਸ ਟੈਂਕਰ ਵਿਚ ਲਦੀ ਐਲਪੀਜੀ ਇੱਕ ਤੀਜੀ ਧਿਰ ਵਾਲੇ ਟ੍ਰੇਡਰ ਰਾਹੀਂ ਖਰੀਦੀ ਗਈ ਸੀ। ਇਸ ਨੂੰ ਭਾਰਤ ਦੀਆਂ ਤਿੰਨ ਵੱਡੀਆਂ ਸਰਕਾਰੀ ਤੇਲ ਕੰਪਨੀਆਂ ਵਿਚ ਵੰਡਿਆ ਜਾਵੇਗਾ – ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਲਿਮਟਿਡ। ਇਹ ਟੈਂਕਰ ਅੱਜ ਵੀਰਵਾਰ ਨੂੰ ਮੰਗਲੌਰ ਦੇ ਪੱਛਮੀ ਤੱਟ ਵਾਲੀ ਬੰਦਰਗਾਹ ਉੱਤੇ ਪਹੁੰਚਣ ਦੀ ਉਮੀਦ ਹੈ।

ਇਸ ਖਰੀਦ ਨਾਲ ਭਾਰਤ ਵਿਚ ਐਲਪੀਜੀ ਦੀ ਘਾਟ ਨੂੰ ਪੂਰਾ ਕਰਨ ਵਿਚ ਮਦਦ ਮਿਲੇਗੀ। ਹੋਰਮੁਜ਼ ਜਲਡਮਰੂ ਵਿਚ ਵਧਦੀਆਂ ਮੁਸੀਬਤਾਂ ਕਾਰਨ ਭਾਰਤੀ ਸਰਕਾਰ ਊਰਜਾ ਸੁਰੱਖਿਆ ਲਈ ਵੱਖ-ਵੱਖ ਉਪਾਅ ਕਰ ਰਹੀ ਹੈ। ਇਸ ਤੋਂ ਇਲਾਵਾ ਭਾਰਤ ਹੁਣ ਈਰਾਨੀ ਐਲਪੀਜੀ ਦੀ ਹੋਰ ਖਰੀਦਦਾਰੀ ਉੱਤੇ ਵੀ ਵਿਚਾਰ ਕਰ ਰਿਹਾ ਹੈ। ਇਸ ਨਾਲ ਘਰੇਲੂ ਖਪਤਕਾਰਾਂ ਨੂੰ ਰਸੋਈ ਗੈਸ ਮਿਲਣ ਵਿਚ ਆਸਾਨੀ ਹੋਵੇਗੀ ਅਤੇ ਕੀਮਤਾਂ ਉੱਤੇ ਵੀ ਅਸਰ ਨਹੀਂ ਪਵੇਗਾ।

ਕੇਂਦਰੀ ਸ਼ਿਪਿੰਗ ਮੰਤਰਾਲੇ ਦੇ ਵਿਸ਼ੇਸ਼ ਸਕੱਤਰ ਰਾਜੇਸ਼ ਕੁਮਾਰ ਸਿਨਹਾ ਨੇ ਬੁੱਧਵਾਰ ਨੂੰ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਈਰਾਨ ਤੋਂ ਲਦੇ ਕਿਸੇ ਚਾਰਜ ਬਾਰੇ ਜਾਣਕਾਰੀ ਨਹੀਂ ਹੈ। ਪਰ ਖਬਰਾਂ ਅਤੇ ਟ੍ਰੇਡ ਸੋਰਸ ਇਸ ਗੱਲ ਦੀ ਪੁਸ਼ਟੀ ਕਰ ਰਹੀਆਂ ਹਨ ਕਿ ਇਹ ਸੌਦਾ ਹੋ ਚੁੱਕਾ ਹੈ।



ਇਸ ਤਰ੍ਹਾਂ ਭਾਰਤ ਨੇ ਚੀਨ ਵੱਲ ਜਾ ਰਹੀ ਐਲਪੀਜੀ ਨੂੰ ਆਪਣੇ ਲਈ ਮੋੜ ਲੈ ਕੇ ਇੱਕ ਵੱਡੀ ਬਾਜ਼ੀ ਮਾਰੀ ਹੈ। ਇਸ ਨਾਲ ਭਾਰਤ ਦੀ ਊਰਜਾ ਲੋੜਾਂ ਪੂਰੀਆਂ ਹੋਣਗੀਆਂ ਅਤੇ ਆਯਾਤ ਵਿਭਾਗ ਵੀ ਮਜ਼ਬੂਤ ਹੋਵੇਗਾ। ਕੇਂਦਰੀ ਸ਼ਿਪਿੰਗ ਮੰਤਰਾਲੇ ਦੇ ਵਿਸ਼ੇਸ਼ ਸਕੱਤਰ ਰਾਜੇਸ਼ ਕੁਮਾਰ ਸਿਨਹਾ ਨੇ ਬੁੱਧਵਾਰ ਨੂੰ ਪ੍ਰੈਸ ਕਾਨਫਰੰਸ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਈਰਾਨ ਤੋਂ ਲਦੇ ਕਿਸੇ ਚਾਰਜ ਬਾਰੇ ਜਾਣਕਾਰੀ ਨਹੀਂ ਹੈ। ਪਰ ਖਬਰਾਂ ਅਤੇ ਟ੍ਰੇਡ ਸੋਰਸ ਇਸ ਗੱਲ ਦੀ ਪੁਸ਼ਟੀ ਕਰ ਰਹੀਆਂ ਹਨ ਕਿ ਇਹ ਸੌਦਾ ਹੋ ਚੁੱਕਾ ਹੈ। ਇਸ ਤਰ੍ਹਾਂ ਭਾਰਤ ਨੇ ਚੀਨ ਵੱਲ ਜਾ ਰਹੀ ਐਲਪੀਜੀ ਨੂੰ ਆਪਣੇ ਲਈ ਮੋੜ ਲੈ ਕੇ ਇੱਕ ਵੱਡੀ ਬਾਜ਼ੀ ਮਾਰੀ ਹੈ। ਇਸ ਨਾਲ ਭਾਰਤ ਦੀ ਊਰਜਾ ਲੋੜਾਂ ਪੂਰੀਆਂ ਹੋਣਗੀਆਂ ਅਤੇ ਆਯਾਤ ਵਿਭਾਗ ਵੀ ਮਜ਼ਬੂਤ ਹੋਵੇਗਾ।

## ਕਾਕੋਰੀ ਕਾਂਡ ਦੇ ਸ਼ਹੀਦਾਂ ਦੇ ਬੁੱਤ ਤੋੜਨ ਅਤੇ ਮਲਬੇ ਚ ਸੁੱਟਣ ਵਿਰੁੱਧ ਜੋਰਦਾਰ ਆਵਾਜ਼ ਬੁਲੰਦ ਕਰਨ ਦਾ ਸੱਦਾ:ਜਮਹੂਰੀ ਅਧਿਕਾਰ ਸਭਾ



ਜਮਹੂਰੀ ਅਧਿਕਾਰ ਸਭਾ ਪੰਜਾਬ ਉਤਰ ਪ੍ਰਦੇਸ ਦੇ ਕਸਬੇ ਸ਼ਾਹਜਹਾਪੁਰ ’ਚ ਕਾਕੋਰੀ ਕਾਂਢ ਦੇ ਸ਼ਹੀਦਾਂ ਦੇ ਪਿਛਲੇ 50 ਸਾਲਾਂ ਤੋਂ ਸਥਾਪਤ ਯਾਦਗਾਰੀ ਬੁੱਤਾਂ ਨੂੰ ਹਨੇਰੇ ਦੀ ਤੋੜਨ ਤੇ ਮਲਬੇ ਨੂੰ ਰਾਤੋ ਰਾਤ ਚੁੱਕ ਕੇ ਛੁੱਟਣ ਦੀ ਘਟਨਾ ਦੀ ਸਖਤ ਨਿਖੇਧੀ ਕਰਦੀ ਹੈ ਅਤੇ ਇਸ ਵਿਰੁੱਧ ਜ਼ੋਰਦਾਰ ਆਵਾਜ਼ ਉਠਾਉਣ ਦਾ ਸੱਦਾ ਦਿੰਦੀ ਹੈ। ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ ਸਭਾ ਦੇ ਸੂਬਾ ਪ੍ਰਧਾਨ ਪ੍ਰੋ ਜਗਮੋਹਨ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ, ਸਕੱਤਰੇਤ ਮੈਂਬਰ ਡਾ ਅਜੀਤਪਾਲ ਸਿੰਘ ਅਤੇ ਪ੍ਰੈਸ ਸਕੱਤਰ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ 23 ਮਾਰਚ ਦੀ ਰਾਤ ਦੇ ਹਨੇਰੇ ਚ ਸਵੇਰੇ ਤਿੰਨ ਵਜੇ ਸ਼ਹੀਦਾਂ ਸ਼ਹੀਦ ਰਾਮ ਪ੍ਰਸਾਦ ਬਿਸਮਿਲ, ਸ਼ਹੀਦ ਠਾਕੁਰ ਰੋਸ਼ਨ ਸਿੰਘ, ਸ਼ਹੀਦ ਅਸਫਾਕ ਉੱਲਾ ਦੇ ਬੁੱਤਾਂ ਨੂੰ ਜਿਹੜੇ ਇੱਕ ਪਾਰਕ ਵਿੱਚ 1972 ਤੋਂ ਸਥਾਪਤ ਸਨ ਨੂੰ ਮਸ਼ੀਨਾਂ ਨਾਲ ਤੋੜ ਕੇ ਉਸਦੇ ਮਾਲਵੇ ਨੂੰ ਵੀ ਰਾਤੋ ਰਾਤ ਚੁੱਕ ਕੇ ਦੂਰ ਲਿਜਾ ਕੇ ਮਲਬੇ ਦਾ ਢੇਰ ਬਣਾ ਦਿੱਤਾ ਗਿਆ, ਜਦੋਂ ਇਹ ਕਿ ਉਹ ਤਿੰਨੇ ਸ਼ਹੀਦ ਭਾਰਤੀ ਆਜ਼ਾਦੀ ਦੀ ਲੜਾਈ ਦੀ ਸਾਂਝੀ ਵਿਰਾਸਤ ਦਾ ਪ੍ਰਤੀਕ ਸਨ ਜਿਨਾਂ ਨੂੰ ਬਸਤੀਵਾਦੀ ਬਰਤਾਨਵੀ ਪ੍ਰਸ਼ਾਸਨ ਵੱਲੋਂ ਪ੍ਰਸਿੱਧ ਕਕੋਰੀ ਕਾਡ ਦੇ ਕੇਸ ਵਜੋਂ ਵਿੱਚ ਇਕੱਠਿਆ ਫਾਂਸੀ ਦਿੱਤੀ ਗਈ ਸੀ। ਸ਼ਹੀਦ ਰਾਮ ਪ੍ਰਸਾਦ ਬਿਸਮਲ ਜੀ ਦਾ ਫਾਂਸੀ ਕੋਠਰੀ ਤੋਂ ਸਨੇਹਾ ਸੀ ਕਿ ਅੰਗਰੇਜ ਸਾਮਰਾਜ ਨੂੰ ਜਨਤਾ ਦੀ ਏਕਤਾ ਤੋਂ ਡਰ ਲਗਦਾ ਹੈ ਤੇ ਮੇਰੀ ਤੇ ਅਸਫਾਕ ਉੱਲਾ ਦੀ ਇਕਠੇ ਸ਼ਹਾਦਤ ਸਿਾਮਰਾਜ ਵਾਦ ਲਈ ਵਡੀ ਚਨੋਤੀ ਹੈ । ਇਸ ਕਰਕੇ ਜਦ ਵੀ ਯਾਦ ਕਰੋਂ ਧਰਮਾਂ ਤੋਂ ਤੇ ਜਾਤਾਂ ਤੋਂ ਉਠਕੇ ਜਨਤਕ ਏਕਤਾ ਰਾਹੀਂ ਜ਼ਾਦ ਕਰੋ। ਅਜ ਦਾ ਰਾਜ ਪ੍ਰਬੰਧ ਨੇ ਇਹ ਨਿਦਾ ਵਾਲੀ ਕਰਤੂਤ ਰਾਂਹੀ ਸਬੂਤ ਦਿਤਾ ਹੈ ਕਿ ਉਹ ਅੰਗਰੇਜ ਰਾਜ ਦੇ ਰਾਹ ਤੇ ਚਲ ਰਹੇ ਹਨ। ਹੋਰ ਵੀ ਅਫਸੋਸ ਹੇ ਕਿ ਇਹ ਨਿਦਾ ਵਾਲੀ ਕਰਤੂਤ ਕਾਕੋਰੀ ਸ਼ਹਾਦਤ ਦੇ ਸ਼ਤਾਬਦੀ ਵਰੇ ਕੀਤੀ ਗਈ ਹੈ ।

ਵਿਕਾਸ ਦੇ ਨਾਂ ’ਤੇ ਇਤਿਹਾਸ ਤੇ ਵਿਰਾਸਤ ਨੂੰ ਜਮੀਨ ਦੋਜ਼ ਕਰਨ ਦੀ ਇਹ ਕਾਰਵਾਈ ਭਾਜਪਾ ਤੇ ਸੰਘ ਦੀ ਗਿਣੀ-ਮਿਥੀ ਨੀਤੀ ਦਾ ਇੱਕ ਹਿੱਸਾ ਹੈ। ਅਤੇ ਇਹ ਕਰਤੂਤ ਉਸ ਦਾ ਪਰਮਾਣ ਹੈ । ਦੱਸ ਦਈਏ ਕਿ ਇਸ ਖੇਤਰ ਚੋਂ ਭਾਜਪਾ ਦਾ ਵਿਧਾਇਕ ਤੇ ਵਿੱਤ ਮੰਤਰੀ ਸ਼੍ਰੀ ਸੁਰੇਸ਼ ਖੰਨਾ ਦੇ ਇਸ਼ਾਰੇ ਉੱਤੇ ਕੀਤੀ ਇਹ ਕਾਰਵਾਈ ਨਿੰਦਣ ਯੋਗ ਹੀ ਨਹੀਂ ਇੱਕ ਅਪਰਾਧਿਕ ਕਾਰਵਾਈ ਵੀ ਹੈ। ਉੱਤਰ ਪ੍ਰਦੇਸ਼ ਦੇ ਬੁੱਧੀਜੀਵੀਆਂ ਵੱਲੋਂ ਕਹਿਣਾ ਦਰੁਸ਼ਤ ਹੈ ਕਿ ਪਹਿਲਾਂ 19 ਦਸੰਬਰ 1927 ਨੂੰ ਇਹਨਾਂ ਸ਼ਹੀਦਾਂ ਨੂੰ ਅੰਗਰੇਜ਼ੀ ਸਰਕਾਰ ਨੇ ਫਾਂਸੀ ਉੱਤੇ ਲਟਕਾਇਆ ਸੀ, ਹੁਣ ਭਾਜਪਾ ਦੀ ਸਰਕਾਰ ਨੇ ਦੂਸਰੀ ਵਾਰ ਮੌਤ ਦੇ ਘਾਟ ਉਤਾਰ ਦਿੱਤਾ ਹੈ। ਯਾਦ ਰਹੇ ਇਹ ਕਾਕੋਰੀ ਕਾਡ ਦਾ ਸਤਾਬਦੀ ਵਰ੍ਹਾਂ ਵੀ ਚੱਲ ਰਿਹਾ ਹੈ ਅਤੇ ਜਿਸ ਦਿਨ ਇਹਨਾਂ ਬੁੱਤਾਂ ਨੂੰ ਤੋੜਿਆ ਗਿਆ ਉਹ ਵੀ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦਾ ਸ਼ਹੀਦੀ ਦਿਹਾੜਾ ਸੀ। ਆਜ਼ਾਦੀ ਅੰਦੋਲਨ ਨੂੰ ਵਿੱਚ ਇਨਕਲਾਬੀ ਧਾਰਾ ਪ੍ਰਤੀ ਸੰਘ ਤੇ ਭਾਜਪਾ ਦੀ ਪਹੁੰਚ ਬਰਤਾਨਵੀ ਹਾਕਮਾਂ ਤੋਂ ਵੀ ਖਤਰਨਾਕ ਹੈ। ਇਸੇ ਸਮੇਂ ਦਿੱਲੀ ਦੇ ਇੱਕ ਪੁਲਸ ਅਧਿਕਾਰੀ ਦਾ ਇਹ ਕਹਿਣਾ ਕਿ ਸ਼ਹੀਦ ਭਗਤ ਸਿੰਘ ਤਾਂ ਇਕ ਅੱਤਵਾਦੀ ਸੀ ਇਸੇ ਸੰਘੀ ਸੋਚ ਦਾ ਹੀ ਪ੍ਰਗਟਾਵਾ ਹੈ। ਇਨਕਲਾਬੀ ਧਾਰਾ ਹੀ ਹੈ ਜਿਹੜੀ ਅਜੋਕੀ ਨੌਜਵਾਨ ਪੀੜੀ ਦਾ ਮਾਰਗ ਦਰਸ਼ਨ ਕਰਦੀ ਤੇ ਬਰਤਾਂਨਵੀ ਹਾਕਮਾਂ ਵਾਂਗੂੰ ਸੰਘੀ- ਭਾਜਪਾ-ਸਾਮਰਾਜੀ ਵੀ ਇਸ ਤੋਂ ਖੌਫ ਖਾਂਦੇ ਹਨ। ਸਭਾ ਮੰਗ ਕਰਦੀ ਹੈ ਕਿ ਜਿਹਨਾਂ ਵੀ ਅਧਿਕਾਰੀਆਂ ਨੇ ਸ਼ਹੀਦਾਂ ਦੇ ਇਹਨਾਂ ਬੁੱਤਾਂ ਨੂੰ ਤੋੜਿਆ ਤੇ ਮਲਬੇ ਵਿੱਚ ਸੁੱਟਿਆ ਹੈ ਦੀ ਪਹਿਚਾਣ ਕੀਤੀ ਜਾਵੇ, ਉਹਨਾਂ ਉੱਤੇ ਕਾਰਵਾਈ ਕੀਤੀ ਜਾਵੇ, ਇਸ ਥਾਂ ਉੱਤੇ ਤਿੰਨੇ ਬੁੱਤ ਮੁੜ ਸਥਾਪਿਤ ਕੀਤੀ ਜਾਣ ਅਤੇ ਸਭਾ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੰਦੀ ਹੈ ਕਿ ਸ਼ਹੀਦਾਂ ਨੂੰ ਅੱਤਵਾਦੀ ਗਰਦਾਨਣ ਦੀ ਭਾਜਪਾ ਸੰਘੀ ਸੋਚ ਅਤੇ ਬੁੱਤ ਤੋੜਣ ਖਿਲਾਫ ਜੋਰਦਾਰ ਆਵਾਜ਼ ਬੁਲੰਦ ਕੀਤੀ ਜਾਵੇ।

ਜਾਰੀ ਕਰਤਾ :
ਡਾ ਅਜੀਤਪਾਲ ਸਿੰਘ
ਅਮਰਜੀਤ ਸ਼ਾਸ਼ਤਰੀ ਸੂਬਾ ਪ੍ਰੈਸ ਸਕੱਤਰ 9417607355A

## ਕੁੱਛ ਲੋਕ ਦਿਖਾਵਾ ਕਰਦੇ ਨੇ, ਧੀ ਜਾਂ ਭੈਣ ਕਹਿਣ ਤੋਂ ਡਰਦੇ ਨੇ



ਕੁੱਛ ਲੋਕ ਦਿਖਾਵਾ ਕਰਦੇ ਨੇ,
ਧੀ ਜਾਂ ਭੈਣ ਕਹਿਣ ਤੋਂ ਡਰਦੇ ਨੇ,

ਦੋਗਲੇ ਚੇਹਰਿਆਂ ਚ ਲੁਕੇ ਰਾਜ,
ਹਰ ਚਿਹਰੇ ਦੇ ਪਿੱਛੇ ਪਰਦੇ ਨੇ,

ਆਪਣੀ ਧੀ ਭੈਣ ਲੱਗੇ ਪਿਆਰੀ,
ਗੈਰਾਂ ਦੀਆਂ ਤੇ ਨਿਗਾਹਾਂ ਧਰਦੇ ਨੇ,

ਧੀ ਨੂੰ ਕਹਿੰਦੇ ਸਭ ਸੁੱਖ ਮਿਲਜੇ,
ਨੂੰਹਾਂ ਤੋਂ ਕਿਓਂ ਫਿਰ ਸੜਦੇ ਨੇ,

ਕਲਯੁਗੀ ਦੁਨੀਆਂ ਦਾ ਅੰਤ ਕਦ ਹੋਣਾ?
ਕੁੜੀਆਂ ਤੇ ਨਿੱਤ ਤੋਹਮਤਾਂ ਜੜਦੇ ਨੇ,

ਰਾਣੂ ਧੀ ਪੁੱਤ ਚ ਫਰਕ ਨਹੀਂ ਰੱਖਦਾ,
ਲੋਕ ਫਰਕ ਕਰ ਜਹਿਰਾਂ ਭਰਦੇ ਨੇ....॥

ਗੁਰਜੀਤ ਕੌਰ ਰਾਣੂ.

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਤਪਸ਼...**

ਤਮਾਂ ਸੈਟ ਹੋਵੇ। ਸਬਰ ਤੇ ਸ਼ੰਤੁਸ਼ਟਤਾ ਦੀ ਉਂਗਲੀ ਘੁੱਟ ਕੇ ਫੜੀ ਹੋਵੇ ਤਾਂ ਅੰਦਰ ਬਾਹਰਲੀ ਤਪਸ਼ ਤੰਗ ਨਹੀਂ ਕਰਦੀ॥ ਤਪਸ਼ ਝੱਲ ਕੇ ਲੰਘਿਆ ਬਚਪਨ ਮਿਹਨਤ ਕਰਨੀ ਸਿੱਖ ਹੀ ਜਾਂਦੈ। ਕਮਾਈ ਦਾ ਅਹਿਸਾਸ ਰਹਿੰਦੈ। ਨਜ਼ਾਇਜ਼ ਖਰਚ ਕਰਨ ਨੂੰ ਕਦਾਚਿੱਤ ਜੀਅ ਨਹੀਂ ਕਰਦਾ॥ ਬਾਹਰਲੀ ਤਪਸ਼ ਤੋਂ ਬਚਣ ਦੇ ਅਨੇਕਾ ਸਾਧਨ ਨੇ ਪਰ ਅੰਦਰਲੀ ਤਪਸ਼ ਨੂੰ ਸੈੱਟ ਕਰਨ ਲਈ ਤਾਂ ਗੁਣਾਂ ਦੀ ਭੱਠੀ 'ਚ ਖੁੱਦ ਨੂੰ ਹੀ ਸੜਨਾ ਪੈਂਦੈ॥

**ਭੁਸਰਿਆ...**

ਭੁਸਰਿਆ ਬੰਦਾ ਬੇਗਾਨਿਆਂ ਦੀ ਪਾਨ 'ਤੇ ਚੜ ਕੇ ਖੁੱਦ ਦਾ ਹੀ ਨੁਕਸਾਨ ਕਰਵਾ ਬਹਿੰਦੈ। ਲਾਈਲੱਗਤਾ ਦੀ ਸਿਖਰ॥ ਅਮੀਰੀ ਦੀ ਪੈਂਠ ਅਤੇ ਰਾਜਨੀਤਕ ਤਾਕਤ ਸਾਂਭਣੀ ਔਖੀ ਹੁੰਦੀ ਹੈ। ਤਾਕਤ ਦੇ ਨਸ਼ੇ 'ਚ ਭੁਸਰਿਆਂ ਬੰਦਾ ਗਲਤੀਆਂ ਕਰਦਾ ਹੀ ਜਾਂਦੈ॥ ਵਾਰ ਵਾਰ ਭੁਸਰਨ ਦੀ ਆਦਤ ਪੈ ਗਈ ਤਾਂ ਸਮਝੋ ਬੇਇੱਜ਼ਤੀ ਹੁਣ ਹੋਈ ਕਿ ਹੁਣ ਹੋਈ। ਖਿਲਾਰਾ ਸੰਭਾਲਣਾ ਔਖਾ ਹੋ ਜਾਂਦੈ॥

-ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

## ਸੰਤ ਰਾਮ ਉਦਾਸੀ ਜੀ



ਸੂਰਜ ਬਣ ਕੇ ਕੰਮੀਆਂ ਦੇ ,ਵਿਹੜੇ ਜੋ ਆਇਆ ਸੀ।
ਮਿਹਰ ਸਿੰਘ ਦਾ ਪੁੱਤਰ ਤੇ ਚੰਨ ਕੌਰ ਦਾ ਜਾਇਆ ਸੀ।
ਲੱਖ ਕਰੋੜਾਂ ਚੋਂ ਕੋਈ ਇੱਕ, ਜਗਤ ਤੇ ਆਉਂਦਾ ਏ
ਜਿਹੜਾ ਦਰਦ ਗਰੀਬਾਂ ਦੇ, ਲਿਖਦਾ ਤੇ ਗਾਉਂਦਾ ਏ।
ਜੂਨ ਸਰਾਪੀ ਭੋਗਦੀਆਂ, ਬੇਵੱਸ ਨਿਗ੍ਰਾਵਾਂ ਦੇ।
ਗੀਤ ਉਦਾਸੀ ਅੱਜ ਵੀ, ਗੂੰਜਣ ਵਿੱਚ ਹਵਾਵਾਂ ਦੇ।

ਉਨੀ ਸੌ ਉਨਤਾਲੀ ਦਾ ਦਿਨ ਭਾਗਾਂ ਭਰਿਆ ਸੀ।
ਰਾਇਸਰ ਦੀ ਧਰਤੀ ਨੇ ,ਵੀ ਸ਼ੁਕਰਾਨਾ ਕਰਿਆ ਸੀ।
ਇੰਨਾ ਦੇ ਪੁਰਖਿਆਂ ਵੀ ,ਕੀਤੀ ਵੱਡੀ ਕਮਾਈ ਸੀ।
ਦੇਸ਼ ਧਰਮ ਦੀ ਖ਼ਾਤਰ,ਜਿੰਦੜੀ ਲੇਖੇ ਲਾਈ ਸੀ।
ਵਿੱਚ ਗਰੀਬੀ ਜੰਮਿਆਂ ਦੇ ,ਮਰ ਮੁੱਕੇ ਚਾਵਾਂ ਦੇ।
ਗੀਤ ਉਦਾਸੀ ਅੱਜ ਵੀ ,ਗੂੰਜਣ ਵਿੱਚ ਹਵਾਵਾਂ ਦੇ।

ਸੁੱਤੀ ਹੋਈ ਜਨਤਾ ਨੂੰ ,ਕੋਈ ਆਣ ਜਗਾਉਂਦਾ ਹੈ।
ਜਣਾ ਖਣਾ ਨਾ ਏਥੇ ,ਬੁਝਿਆ ਦੀਪ ਜਗਾਉਂਦਾ ਹੈ ।
ਬਣ ਕੇ ਗਾਉਂਦਾ ਰਿਹਾ ਸੀ,ਜੋ ਆਵਾਜ਼ ਨਿਤਾਣਿਆ ਦੀ।
ਹੱਦ ਰਹੀ ਨਾ ਕੋਈ, ਰੱਬ ਦੇ ਮੰਨੇ ਭਾਣਿਆ ਦੀ।
ਸੱਚ ਦੀ ਖ਼ਾਤਰ ਝੱਲੀਆਂ, ਮਾਰੂ ਸਖ਼ਤ ਸਜ਼ਾਵਾਂ ਦੇ।
ਗੀਤ ਉਦਾਸੀ ਅੱਜ ਵੀ, ਗੂੰਜਣ ਵਿੱਚ ਹਵਾਵਾਂ ਦੇ।

ਵਿੱਚ ਕਨੇਡਾ ਜਾ ਕੇ ਵੀ,ਸੂਰੇ ਨੇ ਗਾਇਆ ਸੀ।
ਧਰਤੀ ਮਾਂ ਦਾ ਪਿਆਰ , ਉਨ੍ਹਾਂ ਨੂੰ, ਮੋੜ ਲਿਆਇਆ ਸੀ।
ਲਾਲ ਕਿਲ੍ਹੇ ਤੇ ਝੰਡਾ ਲਾਲ, ਝੁਲਾਉਣਾ ਚਾਹੁੰਦੇ ਸੀ ।
ਕਿਰਤੀ ਤੇ ਕਾਮਿਆਂ ਨੂੰ ,ਹੱਕ ਦਿਵਾਉਣਾ ਚਾਹੁੰਦੇ ਸੀ।
ਖੜ੍ਹੀ ਹੋਈ ਸੀ ਲੇਕਿਨ ਹੋਣੀ, ਵਿੱਚੇ ਹੀ ਰਾਹਵਾਂ ਦੇ।
ਗੀਤ ਉਦਾਸੀ ਅੱਜ ਵੀ, ਗੂੰਜਣ ਵਿੱਚ ਹਵਾਵਾਂ ਦੇ।
ਗੀਤ ਉਦਾਸੀ ਜੀ ਦੇ ਗੂੰਜਣ ਵਿੱਚ ਹਵਾਵਾਂ ਦੇ।

ਰਜਨੀਸ਼ ਕੌਰ ਬਬਲੀ, ਬਰਨਾਲਾ।

## ਕਾਵਿ ਵਿਅੰਗ



ਮਨਿਸਟਰ ਤੇ ਐਮ ਐਲ ਏ ਹੁਣ ਜਾਣ ਫਸਦੇ,
ਈਮਾਨਦਾਰ ਪਾਰਟੀ ਦੀ ਨਵੀਂ ਮਿਸਾਲ ਹੈ ਜੀ।
ਤਰਥੱਲ ਇਹ ਪਾਰਲੀਮੈਂਟ ਤੱਕ ਵੀ ਜਾ ਪੁੱਜਿਆ
ਪੰਜਾਬ ਸੂਬੇ ਵਿੱਚ ਮੱਚਿਆ ਬਵਾਲ ਹੈ ਜੀ।
ਕੀ ਕੀ ਨਵੇਂ ਗੁੱਲ ਖਿਲੀ ਜਾਣ ਪੰਜਾਬ ਅੰਦਰ,
ਉੱਠਦੇ ਇਹ ਨਿਤ ਨਵੇਂ ਤੋਂ ਨਵੇਂ ਸਵਾਲ ਹੈ ਜੀ।
ਜਿਸ ਆਸ ਨਾਲ ਲਿਆਂਦਾ ਇਨ੍ਹਾਂ ਨੂੰ ਸੀ ਅੱਗੇ
ਕੀ ਓਹ ਕੀਤਾ ਪੂਰਾ ਦੱਸੋ ਸੋਚਕੇ ਸਵਾਲ ਹੈ ਜੀ?
ਜੋ ਚੰਗਾ ਕੀਤਾ ਪਾਣੀ ਉਸਤੇ ਵੀ ਫਿਰ ਗਿਆ ਹੈ,
ਸਰਕਾਰ ਹੋ ਗਈ ਹੈ ਹੁਣ ਪੂਰੀ ਤਰ੍ਹਾਂ ਨਿਢਾਲ ਹੈ ਜੀ।
ਹਮਾਮ ਵਿੱਚ ਜਿਆਦੇ ਤਾਂ ਲੱਗਦੇ ਹਨ ਨੰਗੇ,
ਜੋ ਲੱਪੀਂ ਗੜੱਪੀਂ ਛਕਣਾ ਚਾਹੁੰਦੇ ਮੋਟਾ ਮਾਲ ਹੈ ਜੀ।
ਇੱਕ ਈਮਾਨਦਾਰ ਹੋਵੇ ਦੱਸੋ ਭਲਾਂ ਓਹ ਕੀ ਕਰਲੂ?
ਜੇ ਆਵਾ ਊਤਿਆ ਹੋਵੇ ਭਲਾਂ ਪਰਿਵਾਰ ਦਾ ਜੀ।
ਉਸ ਬੇੜੀ ਨੂੰ ਡੁੱਬਣੋ ਕੋਈ ਨਹੀਂ ਬਚਾ ਸਕਦਾ,
ਕਿਤੇ ਮੂੰਹ ਵੇਖਣਾ ਨਾ ਪੈ ਜਾਏ ਉਸਨੂੰ ਹਾਰ ਦਾ ਜੀ?

ਜਸਵੀਰ ਸ਼ਰਮਾਂ ਦੱਦਾਹੂਰ
ਸ਼੍ਰੀ ਮੁਕਤਸਰ ਸਾਹਿਬ
95691-49556

## ਇਹ ਕੀ ਦੱਸੇਗੀ, ਇਹ ਤੇ ਆਪ! ਇਹ ਕੀ ਸਿਖਾਏਗੀ, ਇਹ ਤੇ ਆਪ! ਜੀਵਨ ਸਿੱਧਾ ਜਿਊਂਦੇ ਜਿਊਂਦੇ ਪਤਾ ਨਹੀਂ ਕੱਦ ਲੱਕ ਦੂਹਰਾ ਹੋ ਜਾਂਦਾ



ਇਹ ਕੀ ਦੱਸੇਗੀ, ਇਹ ਤੇ ਆਪ! ਇਹ ਕੀ ਸਿਖਾਏਗੀ, ਇਹ ਤੇ ਆਪ! ਜੀਵਨ ਸਿੱਧਾ ਜਿਊਂਦੇ ਜਿਊਂਦੇ ਪਤਾ ਨਹੀਂ ਕੱਦ ਲੱਕ ਦੂਹਰਾ ਹੋ ਜਾਂਦਾ। ਚੰਗਾ ਕਰਦੇ ਕਰਦੇ ਕਿਹੜੇ ਚਿੱਕੜ ਵਿੱਚ ਜਾ ਡਿੱਗੀਦਾ। ਹੱਸਦੇ ਹੱਸਦੇ ਕਿਹੜੇ ਵੈਣ ਜ਼ਿੰਦਗੀ ਨੂੰ ਸੱਪ ਵਾਂਗ ਗ੍ਰਿਫ਼ਤ ਕਰ ਲੈਂਦੇ ਹਨ। ਤੇ ਕਿਤਾਬ ਲਿੱਖਦੇ ਲਿੱਖਦੇ ਕੱਦ ਉਹ ਅੱਗ ਵਿੱਚ ਜਾ ਝੁਲਸਦੀ ਹੈ। ਪਤਾ ਕਿਸ ਦੀ ਜ਼ਿੰਦਗੀ ਨੂੰ ਜ਼ਿਆਦਾ ਨਿੰਦਿਆ ਜਾਂਦਾ? ਜੋ ਵਾਰ ਵਾਰ ਉੱਠਦਾ.. ਜਿਸਦਾ ਮਾੜੇ ਤੋਂ ਬਾਅਦ ਚੰਗਾ ਵਰਕਾ ਖੁਲ੍ਹਦਾ.. ਜਿਸਨੇ ਜ਼ਿੰਦਗੀ ਇੱਕੋ ਤਰ੍ਹਾਂ ਦੀ ਜਿਊਣ ਨੂੰ ਨਾਂਹ ਕਹੀ ਹੋਵੇ, ਅਸੂਲੋਂ ਤਿਲਕਣਾ ਜਿਸ ਦੀ ਕਿਤਾਬ ਵਿੱਚ ਨਾ ਹੋਵੇ, ਸਮਝੌਤੇ ਨਾ ਕਰਦਾ ਹੋਵੇ.. ਉਹ ਬੁਰਾ ਹੀ ਬੁਰਾ ਹੈ। ਜਿਸ ਨੇ ਹਲਾਤ ਦੇ ਹਿਸਾਬ ਨਾਲ ਰੰਗ ਬਦਲ ਲੈਣਾ ਓਹ ਸਭ ਨਾਲ ਘਿਓ ਖਿਚੜੀ ਹੈ। ਆਪਣੇ ਆਪਣੇ ਜ਼ਿੰਦਗੀ ਜਿਊਣ ਦੇ ਢੰਗ ਹਨ।

- ਮਨਦੀਪ ਕੌਰ ਟਾਂਗਰਾ

ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ

# ਬਿਜਲੀ ਕਾਮਿਆਂ ਨੇ ਪਾਵਰ ਮੈਨੇਜਮੈਂਟ ਦੀ ਵਾਅਦਾ ਖਿਲਾਫ਼ੀ ਵਿਰੁੱਧ ਕੀਤੀ ਕੰਨਵੈਨਸ਼ਨ




ਬਿਜਲੀ ਕਾਮਿਆਂ ਨੇ ਪਾਵਰ ਮੈਨੇਜਮੈਂਟ ਦੀ ਵਾਅਦਾ ਖਿਲਾਫ਼ੀ ਵਿਰੁੱਧ ਕੀਤੀ ਕੰਨਵੈਨਸ਼ਨ ।

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ 26 ਮਾਰਚ ਪਾਵਰ ਮੈਨੇਜਮੈਂਟ ਵੱਲੋਂ ਬਿਜਲੀ ਕਾਮਿਆਂ ਅਤੇ ਪੈਨਸ਼ਨਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨ ਤੋਂ ਲਗਾਤਾਰ ਟਾਲ ਮਟੋਲ ਕਰਨ ਅਤੇ ਕੀਤੇ ਹੋਏ ਸਮਝੌਤਿਆਂ ਤੋਂ ਮੁਕਰ ਕੇ ਵਾਅਦਾ ਖਿਲਾਫ਼ੀ ਕਰਨ ਦੇ ਵਿਰੁੱਧ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਦੀਆਂ ਪ੍ਰਮੁੱਖ ਜਥੇਬੰਦੀਆਂ ਦੇ ਸਾਂਝੇ ਥੜੇ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ ਸਟੇਸ਼ਨ ਇੰਪਲਾਈਜ਼ ਯੂਨੀਅਨ, ਪਾਵਰਕਾਮ ਅਤੇ ਟਰਾਂਸਕੋ ਪੈਨਸ਼ਨਰਜ਼ ਯੂਨੀਅਨ (ਏਟਕ) ਅਤੇ ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ (ਪਹਿਲਵਾਨ) ਦੇ ਸੂਬਾ ਪੱਧਰੀ ਸੱਦੇ ਤੇ 10 ਅਪਰੈਲ ਨੂੰ ਮੁੱਖ ਦਫਤਰ ਪਟਿਆਲਾ ਅੱਗੇ ਕੀਤੇ ਜਾਣ ਵਾਲੇ ਰੋਸ ਪ੍ਰਦਰਸ਼ਨ ਦੀਆਂ ਤਿਆਰੀਆਂ ਸਮੇਤ ਅਗਲੇ ਸੰਘਰਸ਼ਾਂ ਦੀ ਲਾਮਬੰਦੀ ਲਈ ਸਥਾਨਕ ਸਰਕਲ ਦੀ ਕੰਨਵੈਨਸ਼ਨ ਰਣਜੀਤ ਸਿੰਘ ਢਿੱਲੋਂ , ਕੁਲਵਿੰਦਰ ਸਿੰਘ ਬਾਗੜੀਆਂ , ਪੂਰਨ ਸਿੰਘ ਮਾੜੀਮੇਘਾ ,ਧਰਮਵੀਰ ਸਿੰਘ ਪੱਟੀ ,ਕਰਨਬੀਰ ਸਿੰਘ ਭੁੱਲਰ ,ਲਖਬੀਰ ਸਿੰਘ ਸੰਧੂ ,ਜਗਮੋਹਨ ਸਿੰਘ ਸੰਧੂ ਦੇ ਅਧਾਰਤ ਸਾਂਝੇ ਪ੍ਰਧਾਨਗੀ ਮੰਡਲ ਦੀ ਪ੍ਰਧਾਨਗੀ ਹੇਠ ਸਥਾਨਕ ਸ਼ਹਿਰੀ ਸਬ ਡਵੀਜ਼ਨ ਵਿਖੇ ਕੀਤੀ। ਇਸ ਕੰਨਵੈਨਸ਼ਨ ਵਿੱਚ ਸ਼ਾਮਲ ਅਦਾਰੇ ਦੀਆਂ ਵੱਖ - ਵੱਖ ਜਥੇਬੰਦੀਆਂ ਦੇ ਸੂਬਾਈ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ ,ਗੁਰਭੇਜ ਸਿੰਘ ਢਿੱਲੋਂ ਤੋਂ ਇਲਾਵਾ ਸਰਕਲ ਆਗੂ ਨਰਿੰਦਰ ਬੇਦੀ ,ਚਰਨਜੀਤ ਸਿੰਘ ਖਾਲਸਾ ਸਮੇਤ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਆਗੂਆਂ ਨੇ ਬਿਜਲੀ ਨਿਗਮ ਦੀ ਮੈਨੇਜਮੈਂਟ ਵੱਲੋਂ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਲਾਗੂ ਕਰਨ ਤੋਂ ਟਾਲ ਮਟੋਲ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦੇ ਹੋਏ ਮੈਨੇਜਮੈਂਟ ਤੇ ਕੀਤੇ ਹੋਏ ਸਮਝੌਤਿਆਂ ਤੋਂ ਮੁੱਕਰ ਕੇ ਵਾਅਦਾ ਖਿਲਾਫ਼ੀ ਕਰਨ ਦੇ ਦੋਸ਼ ਲਗਾਏ। ਆਗੂਆਂ ਨੇ ਕਿਹਾ ਕੇ ਪਾਵਰ ਮੈਨੇਜਮੈਂਟ ਅਤੇ ਸਰਕਾਰ ਨਾਲ ਬੀਤੇ ਸਾਲ 10 ਅਤੇ 14 ਅਗਸਤ ਨੂੰ ਤੇ ਚਾਲੂ ਸਾਲ ਵਿੱਚ 14 ਜਨਵਰੀ ਨੂੰ ਜਥੇਬੰਦੀਆਂ ਨਾਲ ਹੋਈਆਂ ਮੀਟਿੰਗਾਂ ਸਮੇਂ ਮੰਨੀਆਂ ਹੋਈਆਂ ਮੰਗਾਂ ਸਮੇਂ ਸਿਰ ਲਾਗੂ ਕਰਨ ਦੀ ਬਜਾਏ ਉਹਨਾਂ ਨੂੰ ਵੱਟੇ ਖਾਤੇ ਪਾ ਕੇ ਜਥੇਬੰਦੀਆਂ ਨੂੰ ਮੁੜ - ਮੁੜ ਹੜਤਾਲ ਤੇ ਜਾਣ ਵਰਗੇ ਤਿੱਖੇ ਸੰਘਰਸ਼ਾਂ ਵੱਲ ਧੱਕਿਆ ਜਾ ਰਿਹਾ ਹੈ। ਜਿਸ ਕਰਕੇ ਜਿਥੇ ਇਸ ਸਨਅਤੀ ਅਤੇ ਨਾਜ਼ੁਕ ਅਦਾਰੇ ਦਾ ਮਾਹੌਲ ਅਸ਼ਾਂਤ ਹੁੰਦਾ ਹੈ ਉਥੇ ਬਿਜਲੀ ਖਪਤਕਾਰਾਂ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਅਦਾਰੇ ਦੇ ਵਕਾਰ ਨੂੰ ਵੀ ਢਾਹ ਲੱਗਦੀ ਹੈ। ਆਗੂਆਂ ਨੇ ਕਿਹਾ ਕਿ ਪਾਵਰ ਮੈਨੇਜਮੈਂਟ ਸੁਖਾਵੇਂ ਮਾਹੌਲ ਵਿੱਚ ਟੇਬਲ ਤੇ ਬੈਠ ਕੇ ਮਸਲਿਆਂ ਦਾ ਹੱਲ ਕਰਨ ਵਿੱਚ ਯਕੀਨ ਨਹੀਂ ਰੱਖਦੀ ਪਰ ਸੰਘਰਸ਼ਾਂ ਦੇ ਚਰਮ ਸੀਮਾਂ ਤੇ ਪਹੁੰਚ ਜਾਣ ਤੇ ਪੈਦਾ ਹੋਏ ਹਾਲਾਤਾਂ ਦੇ ਮੱਦੇਨਜ਼ਰ ਲਿਖਤੀ ਸਮਝੌਤੇ ਕਰਕੇ ਲਾਗੂ ਕਰਨ ਤੋਂ ਵਾਰ - ਵਾਰ ਮੁੱਕਰ ਜਾਦੀ ਹੈ ।ਇਸੇ ਕਰਕੇ ਜਥੇਬੰਦੀਆਂ ਨੂੰ ਤਿੱਖੇ ਸੰਘਰਸ਼ਾਂ ਦਾ ਰਸਤਾ ਅਖਤਿਆਰ ਕਰਨਾ ਪੈਂਦਾ ਹੈ । ਆਗੂਆਂ ਨੇ ਪੰਜਾਬ ਸਰਕਾਰ ਕੋਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ 16 ਪ੍ਰਤੀਸ਼ਤ ਰੋਕਿਆ ਮਹਿੰਗਾਈ ਭੱਤਾ ਜਾਰੀ ਕਰਨ , ਪੁਰਾਣੀ ਪੈਨਸ਼ਨ ਸ਼ਕੀਮ ਲਾਗੂ ਕਰਨ ,ਕੱਚੇ ਕਾਮੇ ਪੱਕੇ ਕਰਨ, ਪੈਨਸ਼ਨਰਾਂ ਤੇ 2.59 ਫੈਕਟਰ ਲਾਗੂ ਕਰਨ , ਸੋਧੇ ਸਕੇਲਾਂ ਦੀਆਂ ਤਰੁੱਟੀਆਂ ਦੂਰ ਕਰਨ , 17 ਜੁਲਾਈ 2020 ਦਾ ਮੁਲਾਜ਼ਮ ਦੋਖੀ ਪੱਤਰ ਵਾਪਸ ਲੈਣ ,ਅਦਾਰੇ ਵਿੱਚ ਸੇਵਾ ਮੁਕਤ ਹੋ ਰਹੇ ਕਰਮਚਾਰੀਆਂ ਨੂੰ ਦੁਬਾਰਾ ਠੇਕੇ ਤੇ ਰੱਖਣ ਦੀ ਲੋਕ ਵਿਰੋਧੀ ਨੀਤੀ ਬੰਦ ਕਰਨ ਦੀ ਜੋਰਦਾਰ ਮੰਗ ਕੀਤੀ। ਆਗੂਆਂ ਨੇ 10 ਅਪਰੈਲ ਦੇ ਪਟਿਆਲਾ ਰੋਸ ਪ੍ਰਦਰਸ਼ਨ ਵਿੱਚ ਵਹੀਰਾਂ ਘੱਤ ਕੇ ਕੰਨਵੈਨਸ਼ਨ ਵਿੱਚ ਹਾਜ਼ਰ ਆਗੂਆਂ ਅਤੇ ਵਰਕਰਾਂ ਨੂੰ ਸੱਦਾ ਦਿੱਤਾ। ਇਸ ਕੰਨਵੈਨਸ਼ਨ ਵਿੱਚ ਸ਼ਾਮਲ ਆਗੂਆਂ ਜਸਪ੍ਰੀਤ ਸਿੰਘ ਸੋਹਲ , ਅਮਨਦੀਪ ਸਿੰਘ ਜੇ ਈ , ਗੁਰਪਿੰਦਰ ਸਿੰਘ ਰਿੰਕੂ , ਮਨਜੀਤ ਸਿੰਘ ਖੇਲਾ , ਬਿਕਰਮਜੀਤ ਸਿੰਘ ਆਦਿ ਨੇ ਸੂਬਾਈ ਲੀਡਰਸ਼ਿਪ ਅੱਗੇ ਮੰਗਾਂ ਸਬੰਧੀ ਕੁੱਝ ਸਵਾਲ ਅਤੇ ਸੰਘਰਸ਼ਾਂ ਸਬੰਧੀ ਸੁਝਾਅ ਪੇਸ਼ ਕੀਤੇ। ਜਿਹਨਾਂ ਦਾ ਸੂਬਾਈ ਲੀਡਰਸ਼ਿਪ ਨੇ ਵਿਸਥਾਰਪੂਰਵਕ ਜਵਾਬ ਦਿੱਤਾ । ਕੰਨਵੈਨਸ਼ਨ ਦੀ ਸਮਾਪਤੀ ਤੇ ਹਾਜ਼ਰੀਨ ਨੇ ਪੰਜਾਬ ਸਰਕਾਰ ਅਤੇ ਮੈਨੇਜਮੈਂਟ ਦੀ ਮੁਲਾਜ਼ਮ ਮਸਲਿਆਂ ਪ੍ਰਤੀ ਧਾਰਨ ਕੀਤੀ ਘਟੀਆ ਪਹੁੰਚ ਖਿਲਾਫ਼ ਜੋਰਦਾਰ ਨਾਅਰੇਬਾਜ਼ੀ ਕਰਕੇ ਪਿੱਟ ਸਿਆਪਾ ਕੀਤਾ।

# ਕਿਸਾਨ ਜਥੇਬੰਦੀਆਂ ਨੇ ਖੰਡ ਮਿੱਲ ਸ਼ੇਰੋ ਰੀਕਾਰਡ ਦੀ ਦੇਰੀ ਲਈ ਰਜਿਸਟਰਾਰ ਦਾ ਕੀਤਾ ਘਿਰਾਓ



ਕਿਸਾਨ ਜਥੇਬੰਦੀਆਂ ਨੇ ਖੰਡ ਮਿੱਲ ਸ਼ੇਰੋ ਰੀਕਾਰਡ ਦੀ ਦੇਰੀ ਕਰਨ ਤੇ ਰਜਿਸਟਰਾਰ ਦਾ ਘਿਰਾਓ ਕਰਨ ਮੌਕੇ ਆਗੂ। |

ਗੁਰਪ੍ਰੀਤ ਸਿੰਘ ਕੱਦ ਗਿੱਲ

ਤਰਨ ਤਾਰਨ 25 ਮਾਰਚ

ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਦੀਆ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਵੱਲੋਂ ਸਥਾਨਕ ਜਿਲਾ ਰਜਿਸਟਰਾਰ ਸਹਿਕਾਰੀ ਸਭਾਵਾਂ ਤਰਨ ਤਾਰਨ ਨੂੰ ਦਾ ਉਨ੍ਹਾਂ ਦੇ ਦਫਤਰ ਵਿਖੇ ਘਿਰਾਓ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਆਗੂਮਨਜੀਤ ਸਿੰਘ ਬੱਗੂ ਜਿਲਾ ਪ੍ਰਧਾਨ ਜਮਹੂਰੀ ਕਿਸਾਨ ਸਭਾ, ਤਰਸੇਮ ਸਿੰਘ ਲੁਹਾਰ ਜਿਲਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਸੁਖਦੇਵ ਸਿੰਘ ਤੁੜ ਸੂਬਾਈ ਆਗੂ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ,ਦਵਿੰਦਰ ਸੋਹਲ ਕੁੱਲ ਹਿੰਦ ਕਿਸਾਨ ਸਭਾ ਅਤੇ ਨਛੱਤਰ ਸਿੰਘ ਪੰਨੂ ਜਿਲਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਨੇ ਦੱਸਿਆ ਕਿ ਕਿਸਾਨ ਜਥੇਬੰਦੀਆਂ ਪਿਛਲੇ ਲੰਬੇ ਸਮੇਂ ਤੋਂ ਜੀ,ਐਮ ਸਹਿਕਾਰੀ ਖੰਡ ਮਿੱਲ ਤਰਨ ਤਾਰਨ ਸੰਬੰਧਿਤ ਰਿਕਾਰਡ ਮੁਹੱਈਆ ਕਰਵਾਉਣ ਦੀ ਮੰਗ ਕੀਤੀ ਜਾ ਰਹੀ ਹੈ। ਇਸ ਬਾਰੇ ਟਾਲ ਮਟੋਲ ਕੀਤਾ ਜਾ ਰਿਹਾ ਹੈ। ਜਿਸ ਕਰਕੇ ਕਿਸਾਨ ਜਥੇਬੰਦੀਆਂ ਵੱਲੋ ਜਿਲਾ ਰਜਿਸਟਰਾਰ ਸਹਿਕਾਰੀ ਸਭਾਵਾਂ ਤਰਨ ਤਾਰਨ ਨੂੰ ਘੇਰਿਆ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਰਿਕਾਰਡ ਮੁਹਈਆ ਕਰਾਉਣਾ ਵਿਭਾਗ ਦੀ ਜਿੰਮੇਵਾਰੀ ਪਰ ਵਿਭਾਗ ਵੱਲੋਂ ਬਿਨਾਂ ਕਿਸੇ ਕਾਰਨ ਦੇਰੀ ਕੀਤੀ ਜਾ ਰਹੀ ।ਇਥੇ ਇਹ ਜਿਕਰਯੋਗ ਹੈ ਕਿ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਪਿਛਲੇ ਲੰਬੇ ਸਮੇਂ ਤੋਂ ਸਹਿਕਾਰੀ ਖੰਡ ਮਿੱਲ ਸ਼ੇਰੋ ਦੀ ਮਾਲਕੀ ਕਿਸੇ ਹੋਰ ਨਾਮ ਕਰਨ ਵਿਰੁੱਧ ਲਗਾਤਾਰ ਸੰਘਰਸ਼ਸ਼ੀਲ ਹੈਂ ।ਇਸ ਬਾਰੇ ਪਿਛਲੇ ਦਿਨੀ ਵੱਖ -ਵੱਖ ਜਥੇਬੰਦੀਆਂ ਦੇ ਦਰਜਨਾਂ ਕਿਸਾਨ ਆਗੂਆਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗ੍ਰਿਫਤਾਰ ਕਰਕੇ ਜੇਲ ਬੰਦ ਕਰਨ ਉਪਰੰਤ ਜਥੇਬੰਦੀਆ ਵੱਲੋ ਕੀਤੇ ਲਗਾਤਾਰ ਸੰਘਰਸ਼ ਕਰਕੇ ਉਹਨਾਂ ਨੂੰ ਰਿਹਾ ਕਰ ਦਿੱਤਾ ਗਿਆ।ਪਰ ਜ਼ਿਲਾ ਪ੍ਰਸ਼ਾਸਨ ਮਨ ਮਰਜ਼ੀ ਨਾਲ ਧੱਕੇਸ਼ਾਹੀ ਕਰਦੇ ਸਹਿਕਾਰੀ ਖੰਡ ਮਿੱਲ ਸ਼ੇਰੋਂ ਦੀ ਲਗਭਗ 100 ਏਕੜ ਜਮੀਨ ਵੱਖ-ਵੱਖ ਜਗ੍ਹਾ ਹੋਰਨਾਂ ਨੂੰ ਵੰਡ ਰਹੀ ਹੈ ।ਸੰਯੁਕਤ ਕਿਸਾਨ ਮੋਰਚਾ ਇਸ ਦਾ ਅੱਜ ਵੀ ਵਿਰੋਧ ਕਰ ਰਿਹਾ ਹੈ।

# ਮਿਲਕਫੈੱਡ ਨੂੰ ਵੱਡਾ ਝਟਕਾ: ਭਾਰਤੀ ਫ਼ੌਜ ਨੇ ਰੱਦ ਕੀਤੀ ਸੁੱਕੇ ਦੁੱਧ ਦੀ ਪੂਰੀ ਖੇਪ

MILKFED PUNJAB

ਭਾਰਤੀ ਫ਼ੌਜ ਨੇ ਪੰਜਾਬ ਦੀ ਮਸ਼ਹੂਰ ਸਹਿਕਾਰੀ ਸੰਸਥਾ ਮਿਲਕਫੈੱਡ ਵੱਲੋਂ ਸਪਲਾਈ ਕੀਤੀ ਸੁੱਕੇ ਦੁੱਧ (ਦੁੱਧ ਪਾਊਡਰ) ਦੀ ਪੂਰੀ ਖੇਪ ਰੱਦ ਕਰ ਦਿੱਤੀ ਹੈ। ਇਸ ਖੇਪ ਦੀ ਗੁਣਵੱਤਾ ਬਾਰੇ ਸਵਾਲ ਉਠਣ ਤੋਂ ਬਾਅਦ ਫੌਜੀ ਅਧਿਕਾਰੀਆਂ ਨੇ ਇਸ ਨੂੰ ਸਵੀਕਾਰ ਨਾ ਕਰਦਿਆਂ ਪੂਰੀ ਤਰ੍ਹਾਂ ਰੱਦ ਕਰਨ ਦਾ ਫੈਸਲਾ ਲਿਆ ਹੈ। ਹਾਲਾਂਕਿ ਮਿਲਕਫੈੱਡ ਦੇ ਦੁੱਧ ਉਤਪਾਦ ਡੇਅਰੀ ਮਾਰਕੀਟ ਵਿਚ ਗੁਣਵੱਤਾ ਲਈ ਚੰਗੀ ਛਵੀ ਰੱਖਦੇ ਹਨ ਅਤੇ ਇਸ ਸੰਸਥਾ ਨੂੰ ਰਾਸ਼ਟਰੀ ਪੱਧਰ 'ਤੇ ਵੀ ਮਾਨਤਾ ਹੈ।

ਜੰਮੂ ਵਿਚ ਸਥਿਤ ਆਰਮੀ ਸਰਵਿਸ ਕਾਰਪਸ ਦੇ ਆਫਿਸਰ ਕਮਾਂਡਿੰਗ ਨੇ ਲੁਧਿਆਣਾ ਦੀ ਇੱਕ ਤਰ੍ਹਾਂ ਤੋਂ ਇੱਕ ਪੱਤਰ ਲਿਖ ਕੇ ਇਸ ਗੱਲ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਲੁਧਿਆਣਾ ਪਲਾਂਟ ਵੱਲੋਂ ਭੇਜੀ ਗਈ ਲਗਭਗ 125 ਮੀਟਰਿਕ ਟਨ ਸੁੱਕੇ ਦੁੱਧ ਪਾਊਡਰ ਦੀ ਖੇਪ ਨੂੰ ਪੂਰੀ ਤਰ੍ਹਾਂ ਰੱਦ ਕਰਨ ਦਾ ਐਲਾਨ ਕੀਤਾ। ਇਸ ਵਿਚ ਦੋ ਵੱਖ-ਵੱਖ ਬੈਚ ਸ਼ਾਮਲ ਹਨ – ਇੱਕ 58.338 ਮੀਟਰਿਕ ਟਨ ਅਤੇ ਦੂਜਾ 66.654 ਮੀਟਰਿਕ ਟਨ। ਫੌਜ ਵੱਲੋਂ ਇਸ ਦੇ ਨਮੂਨਿਆਂ ਦੀ ਲੈਬ ਟੈਸਟਿੰਗ ਕੀਤੀ ਗਈ ਸੀ, ਜਿਸ ਤੋਂ ਬਾਅਦ ਗੁਣਵੱਤਾ ਦੇ ਮਾਪਦੰਡਾਂ 'ਤੇ ਖਰਾ ਨਾ ਉੱਤਰਣ ਕਾਰਨ ਇਸ ਨੂੰ ਰਿਜੈਕਟ ਕੀਤਾ ਗਿਆ।

ਮਿਲਕਫੈੱਡ ਦੇ ਅਧਿਕਾਰੀਆਂ ਨੇ ਦੱਸਿਆ ਕਿ ਭਾਰਤੀ ਫੌਜ ਨੂੰ ਪੰਜਾਬ ਦੇ ਵੱਖ-ਵੱਖ ਪਲਾਂਟਾਂ ਤੋਂ ਦੁੱਧ ਅਤੇ ਉਸ ਤੋਂ ਬਣੇ ਉਤਪਾਦ ਸਪਲਾਈ ਕੀਤੇ ਜਾਂਦੇ ਹਨ। ਲੁਧਿਆਣਾ ਪਲਾਂਟ ਤੋਂ ਜਿਆਦਾਤਰ ਸੁੱਕਾ ਦੁੱਧ ਪਾਊਡਰ ਹੀ ਭੇਜਿਆ ਜਾਂਦਾ ਹੈ। ਇਸ ਤੋਂ ਇਲਾਵਾ ਬਠਿੰਡਾ ਪਲਾਂਟ ਤੋਂ ਫੌਜੀ ਛਾਉਣੀਆਂ ਲਈ ਤਾਜ਼ਾ ਦੁੱਧ, ਦਹੀ ਅਤੇ ਮੱਖਣ ਵਰਗੇ ਉਤਪਾਦ ਭੇਜੇ ਜਾਂਦੇ ਹਨ, ਜਦਕਿ ਅੰਮ੍ਰਿਤਸਰ ਪਲਾਂਟ ਤੋਂ ਘਿਓ ਆਦਿ ਦੀ ਸਪਲਾਈ ਹੁੰਦੀ ਹੈ। ਇਸ ਵਾਰ ਲੁਧਿਆਣਾ ਤੋਂ ਭੇਜੀ ਗਈ ਖੇਪ ਵਿਚ ਗੁਣਵੱਤਾ ਸਬੰਧੀ ਕੋਈ ਤਕਨੀਕੀ ਖਾਮੀ ਆਈ ਹੈ, ਜਿਸ ਕਾਰਨ ਫੌਜ ਨੇ ਇਸ ਨੂੰ ਮਨਜ਼ੂਰ ਨਹੀਂ ਕੀਤਾ।

ਆਫਿਸਰ ਕਮਾਂਡਿੰਗ ਨੇ ਇਸ ਰੱਦੀ ਖੇਪ ਬਾਰੇ ਕੇਂਦਰੀ ਰੱਖਿਆ ਮੰਤਰਾਲੇ ਦੇ ਖਰੀਦ ਅਤੇ ਖੁਰਾਕ ਨਿਰੀਖਣ ਸੰਗਠਨ ਨੂੰ ਵੀ ਲਿਖਤੀ ਸੂਚਨਾ ਭੇਜੀ ਹੈ। ਇਸ ਮਾਮਲੇ ਨੇ ਮਿਲਕਫੈੱਡ ਲਈ ਚਿੰਤਾ ਵਧਾ ਦਿੱਤੀ ਹੈ ਕਿਉਂਕਿ ਫੌਜ ਇਸ ਸੰਸਥਾ ਲਈ ਇੱਕ ਵੱਡਾ ਗਾਹਕ ਹੈ ਅਤੇ ਉਸ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮਿਲਕਫੈੱਡ ਵੱਡੀ ਮਾਤਰਾ ਵਿਚ ਉਤਪਾਦ ਤਿਆਰ ਕਰਦੀ ਹੈ।

ਮਿਲਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਰਾਹੁਲ ਗੁਪਤਾ ਨੇ ਇਸ ਬਾਰੇ ਗੰਭੀਰਤਾ ਨਾਲ ਲੈਂਦਿਆਂ ਕਿਹਾ ਕਿ ਮਿਲਕਫੈੱਡ ਦੇਸ਼ ਭਰ ਵਿਚ ਚੰਗੀਆਂ ਸਹਿਕਾਰੀ ਡੇਅਰੀ ਸੰਸਥਾਵਾਂ ਵਿਚੋਂ ਇੱਕ ਹੈ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਅਦਾਰਾ ਹਮੇਸ਼ਾ ਉਤਪਾਦਾਂ ਦੀ ਗੁਣਵੱਤਾ ਨੂੰ ਬਹੁਤ ਤਰਜੀਹ ਦਿੰਦਾ ਹੈ। ਫੌਜ ਵੱਲੋਂ ਖੇਪ ਰੱਦ ਕਰਨ ਦਾ ਕਾਰਨ ਲੱਭਣ ਲਈ ਉਨ੍ਹਾਂ ਇੱਕ ਤੱਥ ਖੋਜ ਕਮੇਟੀ ਗਠਿਤ ਕਰਨ ਦਾ ਐਲਾਨ ਕੀਤਾ ਹੈ। ਇਸ ਕਮੇਟੀ ਵਿਚ ਤਜਰਬੇਕਾਰ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ ਤਾਂ ਜੋ ਪੂਰੀ ਘਟਨਾ ਦੀ ਡੂੰਘਾਈ ਨਾਲ ਜਾਂਚ ਹੋ ਸਕੇ ਅਤੇ ਭਵਿੱਖ ਵਿਚ ਇਸ ਤਰ੍ਹਾਂ ਦੀਆਂ ਗਲਤੀਆਂ ਤੋਂ ਬਚਿਆ ਜਾ ਸਕੇ।

ਇਸ ਘਟਨਾ ਨਾਲ ਮਿਲਕਫੈੱਡ ਦੀ ਉਤਪਾਦਨ ਪ੍ਰਕਿਰਿਆ ਅਤੇ ਗੁਣਵੱਤਾ ਨਿਯੰਤਰਣ ਵਿਚ ਸੁਧਾਰ ਲਿਆਉਣ ਲਈ ਚਰਚਾ ਛੇੜੀ ਗਈ ਹੈ। ਲੁਧਿਆਣਾ ਪਲਾਂਟ ਵਿਚ ਉਤਪਾਦਨ ਦੌਰਾਨ ਵਰਤੀ ਜਾਣ ਵਾਲੀ ਸਮਗਰੀ, ਪੈਕਿੰਗ ਅਤੇ ਟੈਸਟਿੰਗ ਪ੍ਰਕਿਰਿਆ ਨੂੰ ਵੀ ਮੁੜ ਵਿਚਾਰਿਆ ਜਾਵੇਗਾ। ਫੌਜ ਲਈ ਸਪਲਾਈ ਕੀਤੇ ਜਾਣ ਵਾਲੇ ਉਤਪਾਦਾਂ ਲਈ ਖਾਸ ਗੁਣਵੱਤਾ ਮਾਪਦੰਡ ਹੁੰਦੇ ਹਨ ਅਤੇ ਉਨ੍ਹਾਂ ਨੂੰ ਪੂਰਾ ਕਰਨਾ ਲਾਜ਼ਮੀ ਹੁੰਦਾ ਹੈ।

ਮਿਲਕਫੈੱਡ ਪੰਜਾਬ ਦੇ ਲੱਖਾਂ ਦੁੱਧ ਉਤਪਾਦਕਾਂ ਨਾਲ ਜੁੜਿਆ ਹੋਇਆ ਹੈ ਅਤੇ ਉਨ੍ਹਾਂ ਦੀ ਆਮਦਨ ਵਧਾਉਣ ਵਿਚ ਵੱਡੀ ਭੂਮਿਕਾ ਨਿਭਾਉਂਦਾ ਹੈ। ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਸੰਸਥਾ ਦੀ ਸਾਖ ਨੂੰ ਨੁਕਸਾਨ ਪਹੁੰਚਣ ਦਾ ਖ਼ਤਰਾ ਹੈ, ਇਸ ਲਈ ਕਮੇਟੀ ਦੀ ਰਿਪੋਰਟ ਤੋਂ ਬਾਅਦ ਲੋੜੀਂਦੀਆਂ ਕਾਰਵਾਈਆਂ ਕੀਤੀਆਂ ਜਾਣਗੀਆਂ। ਫੌਜੀ ਅਧਿਕਾਰੀਆਂ ਅਤੇ ਮਿਲਕਫੈੱਡ ਵਿਚਾਲੇ ਚੱਲ ਰਹੀਆਂ ਗੱਲਬਾਤਾਂ ਤੋਂ ਉਮੀਦ ਹੈ ਕਿ ਇਸ ਮਾਮਲੇ ਨੂੰ ਜਲਦੀ ਹੱਲ ਕੀਤਾ ਜਾਵੇਗਾ ਅਤੇ ਭਵਿੱਖ ਵਿਚ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਮੁੜ ਨਾ ਉਠਣ।ਆਫਿਸਰ ਕਮਾਂਡਿੰਗ ਨੇ ਇਸ ਰੱਦੀ ਖੇਪ ਬਾਰੇ ਕੇਂਦਰੀ ਰੱਖਿਆ ਮੰਤਰਾਲੇ ਦੇ ਖਰੀਦ ਅਤੇ ਖੁਰਾਕ ਨਿਰੀਖਣ ਸੰਗਠਨ ਨੂੰ ਵੀ ਲਿਖਤੀ ਸੂਚਨਾ ਭੇਜੀ ਹੈ। ਇਸ ਮਾਮਲੇ ਨੇ ਮਿਲਕਫੈੱਡ ਲਈ ਚਿੰਤਾ ਵਧਾ ਦਿੱਤੀ ਹੈ ਕਿਉਂਕਿ ਫੌਜ ਇਸ ਸੰਸਥਾ ਲਈ ਇੱਕ ਵੱਡਾ ਗਾਹਕ ਹੈ ਅਤੇ ਉਸ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮਿਲਕਫੈੱਡ ਵੱਡੀ ਮਾਤਰਾ ਵਿਚ ਉਤਪਾਦ ਤਿਆਰ ਕਰਦੀ ਹੈ।

# ਦਿੱਲੀ ਸਰਕਾਰ ਦਾ ਵੱਡਾ ਫੈਸਲਾ: ਸਾਰੇ ਸਕੂਲਾਂ ਲਈ ਨਵੀਂ ਗਾਈਡਲਾਈਨ ਜਾਰੀ




ਦਿੱਲੀ ਸਰਕਾਰ ਨੇ ਸਾਰੇ ਸਕੂਲਾਂ ਲਈ ਇੱਕ ਨਵੀਂ ਗਾਈਡਲਾਈਨ ਜਾਰੀ ਕੀਤੀ ਹੈ, ਜਿਸ ਤਹਿਤ ਪੜ੍ਹਾਈ ਦੌਰਾਨ ਵੀਡੀਓ ਬਣਾਉਣ ਅਤੇ ਰੀਲਜ਼ ਤਿਆਰ ਕਰਨ ਉੱਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਫੈਸਲੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਵਿਘਨ ਰੋਕਣਾ ਅਤੇ ਸਕੂਲੀ ਵਾਤਾਵਰਣ ਨੂੰ ਅਨੁਸ਼ਾਸਿਤ ਬਣਾਉਣਾ ਹੈ। ਪੰਜਾਬੀ ਟ੍ਰਿਬਿਊਨ ਵਿੱਚ ਛਪੀ ਖਬਰ ਅਨੁਸਾਰ, ਸਿੱਖਿਆ ਵਿਭਾਗ (ਡੀਓਈ) ਵੱਲੋਂ ਜਾਰੀ ਸਰਕੂਲਰ ਵਿੱਚ ਸਾਫ਼ ਤੌਰ ਤੇ ਕਿਹਾ ਗਿਆ ਹੈ ਕਿ ਸਕੂਲਾਂ ਅੰਦਰ ਮਨੋਰੰਜਨ ਲਈ ਛੋਟੀਆਂ ਵੀਡੀਓਆਂ ਬਣਾਉਣੀਆਂ ਬੰਦ ਕੀਤੀਆਂ ਜਾਣ। ਇਸ ਨਾਲ ਵਿਦਿਆਰਥੀਆਂ ਦਾ ਧਿਆਨ ਪੜ੍ਹਾਈ ਤੋਂ ਭਟਕਦਾ ਹੈ ਅਤੇ ਸਕੂਲ ਦੀ ਇੱਜ਼ਤ ਨੂੰ ਵੀ ਨੁਕਸਾਨ ਪਹੁੰਚਦਾ ਹੈ।

ਇਸ ਸਰਕੂਲਰ ਵਿੱਚ ਸਕੂਲ ਪ੍ਰਿੰਸੀਪਲਾਂ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਆਪਣੇ ਸਟਾਫ਼ ਅਤੇ ਵਿਦਿਆਰਥੀਆਂ ਵਿਚਾਲੇ ਇਸ ਨਵੀਂ ਪਾਬੰਦੀ ਨੂੰ ਚੰਗੀ ਤਰ੍ਹਾਂ ਫੈਲਾਉਣ ਅਤੇ ਇਸ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ। ਖਬਰ ਮੁਤਾਬਕ, ਇਹ ਫੈਸਲਾ ਉਦੋਂ ਲਿਆ ਗਿਆ ਜਦੋਂ ਸਿੱਖਿਆ ਵਿਭਾਗ ਦੀ ਨਜ਼ਰ ਵਿੱਚ ਆਇਆ ਕਿ ਬਹੁਤ ਸਾਰੇ ਸਕੂਲਾਂ ਵਿੱਚ ਵਿਦਿਆਰਥੀ ਅਤੇ ਅਧਿਆਪਕ ਵੀ ਆਪਣੀਆਂ ਮੋਬਾਈਲ ਫੋਨਾਂ ਰਾਹੀਂ ਮਨੋਰੰਜਨ ਵਾਲੀਆਂ ਰੀਲਜ਼ ਬਣਾ ਰਹੇ ਹਨ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਕਲਾਸ ਦੇ ਸਮੇਂ ਦੌਰਾਨ ਹੋ ਰਹੀਆਂ ਹਨ, ਜਿਸ ਕਾਰਨ ਪੜ੍ਹਾਈ ਦਾ ਮਾਹੌਲ ਖਰਾਬ ਹੋ ਰਿਹਾ ਹੈ।

ਸਿੱਖਿਆ ਵਿਭਾਗ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਸਕੂਲ ਇੱਕ ਵਿਦਿਅਕ ਅਦਾਰਾ ਹੈ, ਇੱਥੇ ਪੜ੍ਹਾਈ ਤੋਂ ਇਲਾਵਾ ਕੋਈ ਹੋਰ ਗਤੀਵਿਧੀ ਨਹੀਂ ਹੋਣੀ ਚਾਹੀਦੀ। ਰੀਲਜ਼ ਬਣਾਉਣ ਨਾਲ ਵਿਦਿਆਰਥੀਆਂ ਵਿੱਚ ਇੱਕ ਗਲਤ ਰੁਝਾਨ ਪੈਦਾ ਹੋ ਰਿਹਾ ਹੈ। ਉਹ ਆਪਣੀਆਂ ਤਸਵੀਰਾਂ ਅਤੇ ਵੀਡੀਓਆਂ ਸੋਸ਼ਲ ਮੀਡੀਆ ਤੇ ਅਪਲੋਡ ਕਰਕੇ ਲਾਈਕਸ ਅਤੇ ਫਾਲੋਅਰਜ਼ ਦੀ ਖਾਤਰ ਪੜ੍ਹਾਈ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਇਸ ਤੋਂ ਇਲਾਵਾ, ਇਸ ਤਰ੍ਹਾਂ ਦੀਆਂ ਵੀਡੀਓਆਂ ਵਿੱਚ ਕਈ ਵਾਰ ਵਿਦਿਆਰਥੀਆਂ ਦੀ ਗੋਪਨੀਯਤਾ ਵੀ ਉਲੰਘਣ ਹੋ ਜਾਂਦੀ ਹੈ, ਜਿਸ ਨਾਲ ਉਨ੍ਹਾਂ ਦੀ ਸੁਰੱਖਿਆ ਨੂੰ ਖਤਰਾ ਹੋ ਸਕਦਾ ਹੈ।

ਪਾਬੰਦੀ ਦੇ ਨਿਯਮਾਂ ਅਨੁਸਾਰ, ਸਕੂਲ ਸਮੇਂ ਦੌਰਾਨ ਕਿਸੇ ਵੀ ਤਰ੍ਹਾਂ ਦੀ ਗੈਰ-ਵਿਦਿਅਕ ਵੀਡੀਓ ਬਣਾਉਣੀ ਮਨਾਹੀ ਹੈ। ਇਸ ਵਿੱਚ ਡਾਂਸ ਰੀਲਜ਼, ਲਿਪਸਿੰਕ, ਮੀਮਜ਼ ਜਾਂ ਕੋਈ ਵੀ ਮਨੋਰੰਜਨ ਵਾਲੀ ਸਮੱਗਰੀ ਸ਼ਾਮਲ ਹੈ। ਹਾਲਾਂਕਿ, ਜੇਕਰ ਕੋਈ ਵੀਡੀਓ ਵਿਦਿਅਕ, ਸਭਿਆਚਾਰਕ ਜਾਂ ਜਾਗਰੂਕਤਾ ਵਾਲੇ ਵਿਸ਼ੇ ਤੇ ਬਣਾਉਣੀ ਹੋਵੇ ਤਾਂ ਉਸ ਲਈ ਯੋਗ ਅਧਿਕਾਰੀ ਤੋਂ ਪਹਿਲਾਂ ਇਜਾਜ਼ਤ ਲੈਣੀ ਲਾਜ਼ਮੀ ਹੈ। ਇਸ ਤੋਂ ਇਲਾਵਾ, ਉਸ ਵੀਡੀਓ ਨੂੰ ਅਧਿਆਪਕ ਦੀ ਨਿਗਰਾਨੀ ਹੇਠ ਹੀ ਬਣਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੀਆਂ ਗਤੀਵਿਧੀਆਂ ਵੀ ਇਸ ਤਰ੍ਹਾਂ ਹੋਣੀਆਂ ਚਾਹੀਦੀਆਂ ਹਨ ਕਿ ਉਨ੍ਹਾਂ ਨਾਲ ਪੜ੍ਹਾਈ ਵਿੱਚ ਕੋਈ ਰੁਕਾਵਟ ਨਾ ਪਵੇ ਅਤੇ ਵਿਦਿਆਰਥੀਆਂ ਦੀ ਗੋਪਨੀਯਤਾ ਅਤੇ ਸੁਰੱਖਿਆ ਬਰਕਰਾਰ ਰਹੇ।

ਇਸ ਫੈਸਲੇ ਤੋਂ ਲੱਗਦਾ ਹੈ ਕਿ ਸਰਕਾਰ ਵਿਦਿਅਕ ਅਦਾਰਿਆਂ ਵਿੱਚ ਡਿਜੀਟਲ ਵਿਘਨਾਂ ਨੂੰ ਗੰਭੀਰਤਾ ਨਾਲ ਲੈ ਰਹੀ ਹੈ। ਅੱਜਕਲ੍ਹ ਮੋਬਾਈਲ ਫੋਨ ਅਤੇ ਸੋਸ਼ਲ ਮੀਡੀਆ ਦਾ ਪ੍ਰਭਾਵ ਇੰਨਾ ਵਧ ਗਿਆ ਹੈ ਕਿ ਵਿਦਿਆਰਥੀ ਆਪਣੀਆਂ ਰੋਜ਼ਾਨਾ ਗਤੀਵਿਧੀਆਂ ਨੂੰ ਵੀ ਰੀਲ ਬਣਾ ਕੇ ਅਪਲੋਡ ਕਰਨ ਲੱਗ ਪਏ ਹਨ। ਇਸ ਨਾਲ ਉਨ੍ਹਾਂ ਦਾ ਸਮਾਂ ਬਰਬਾਦ ਹੋ ਰਿਹਾ ਹੈ ਅਤੇ ਭਵਿੱਖ ਲਈ ਉਨ੍ਹਾਂ ਦੀ ਤਿਆਰੀ ਵੀ ਪ੍ਰਭਾਵਿਤ ਹੋ ਰਹੀ ਹੈ। ਇੱਕ ਵਿਦਿਆਰਥੀ ਦਾ ਮੁੱਖ ਕੰਮ ਪੜ੍ਹਾਈ ਹੋਣੀ ਚਾਹੀਦੀ ਹੈ, ਨਾ ਕਿ ਇੰਸਟਾਗ੍ਰਾਮ ਜਾਂ ਯੂਟਿਊਬ ਤੇ ਵਾਇਰਲ ਹੋਣਾ।

## ਰਵਾਇਤੀ ਪਾਰਟੀਆਂ ਦੇ 70 ਸਾਲਾਂ ਦੇ ਮੁਕਾਬਲੇ 4 ਸਾਲਾਂ 'ਚ 100 ਫੀਸਦੀ ਚੋਣ ਵਾਅਦੇ ਪੂਰੇ ਕਰਕੇ ਮਾਨ ਸਰਕਾਰ ਨੇ ਸਿਰਜਿਆ ਇਤਿਹਾਸ



**ਗੁਰਪ੍ਰੀਤ ਸਿੰਘ ਕੱਦ ਗਿੱਲ, ਤਰਨਤਾਰਨ 26 ਮਾਰਚ ।**

ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ, ਸਾਬਕਾ ਕੈਬਨਿਟ ਮੰਤਰੀ ਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਆਪਣੇ ਵਿਧਾਨ ਸਭਾ ਹਲਕਾ ਅਜਨਾਲਾ 'ਚ 'ਸ਼ਾਨਦਾਰ ਚਾਰ ਸਾਲ, ਭਗਵੰਤ ਮਾਨ ਦੇ ਨਾਲ' 10 ਰੋਜ਼ਾ ਪ੍ਰਚਾਰ ਪਸਾਰ ਮੁਹਿੰਮ ਦਾ ਆਗਾਜ਼ ਕੌਮਾਂਤਰੀ ਸਰਹੱਦੀ ਪਿੰਡ ਘੋਹਨੇਵਾਲ ਤੋਂ ਸ਼ੁਰੂ ਕਰਕੇ ਪਿੰਡ ਮਾਛੀਵਾਹਲਾ, ਸਹਿਜਾਦਾ, ਪੱਛੀਆ, ਅਬਾਦੀ ਚੰਡੀਗੜ੍ਹ, ਤੇ ਨਿਸੋਕੇ ਵਿਖੇ ਪ੍ਰਭਾਵਸ਼ਾਲੀ ਪੇਂਡੂ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰਕੇ ਕੀਤਾ। ਇਨ੍ਹਾਂ ਪੇਂਡੂ ਜਨਤਕ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸ. ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਵਿਚਾਰਧਾਰਕ ਅਗਵਾਈ ਹੇਠ ਪੰਜਾਬ ਵਾਸੀਆਂ ਨੂੰ ਬੇਮਿਸਾਲ, ਪਾਰਦਰਸ਼ੀ ਅਤੇ ਜੁਆਬਦੇਹ ਸ਼ਾਸ਼ਨ ਦੇ ਕੇ ਰੰਗਲੇ ਪੰਜਾਬ ਦੀ ਨੀਂਹ ਹੀ ਨਹੀਂ ਮਜ਼ਬੂਤ ਕੀਤੀ, ਸਗੋਂ ਰਾਜ ਦੇ ਹਰ ਲੋੜਵੰਦ ਨਾਗਰਿਕ ਨੂੰ ਇਕ ਹਜਾਰ ਦੇ ਕਰੀਬ ਆਮ ਆਦਮੀ ਕਲੀਨਿਕ, ਨਵੇਂ ਮੈਡੀਕਲ ਕਾਲਜ, ਤੇ ਹਸਪਤਾਲਾਂ ਦੀ ਸਥਾਪਨਾ ਕਰਕੇ ਮੁਫਤ ਡਾਇਲਸਿਸ ਤੋਂ ਲੈ ਕੇ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਵਿਵਸਥਾ ਕਰਦਿਆਂ ਸਿਹਤ ਕ੍ਰਾਂਤੀ ਨੂੰ ਦੇਸ਼ 'ਚ ਅਵੱਲ ਸਥਾਨ ਦਿਵਾਇਆ। ਸ. ਧਾਲੀਵਾਲ ਨੇ ਸੂਬੇ ਵਿੱਚ ਹਰ ਰੋਜ਼ ਸੜਕੀ ਦੁਰਘਟਨਾਵਾਂ 'ਚ ਹੋ ਰਹੀਆਂ 15 ਮੌਤਾਂ ਦੇ ਅੰਕੜੇ ਤੋਂ ਮੁਕਤ ਕਰਵਾਉਣ ਲਈ ਮਾਨ ਸਰਕਾਰ ਵਲੋਂ ਚੁੱਕੇ ਗਏ ਉਸਾਰੂ ਕਦਮਾਂ ਦਾ ਜਿਕਰ ਕਰਦਿਆਂ ਕਿਹਾ ਕਿ ਸੜਕ ਸੁਰੱਖਿਆ ਫੋਰਸ ਦੀ ਸਥਾਪਨਾ ਕਰਕੇ ਸੜਕ ਹਾਦਸਿਆਂ ਦੀਆਂ ਸੰਭਾਵੀ ਸੰਵੇਦਣਸ਼ੀਲ ਥਾਵਾਂ ਤੇ ਤਾਇਨਾਤੀ ਕਰਕੇ ਹਾਦਸੇ 'ਚ ਪੀੜਤ ਲੋਕਾਂ ਨੂੰ ਮੌਕੇ ਤੇ ਹੀ ਮੁੱਢਲੀ ਸਿਹਤ ਸਹਾਇਤਾ ਮੁਹੱਈਆ ਕਰਵਾਉਂਦਿਆਂ ਇਤਿਹਾਸਕ ਪ੍ਰਾਪਤੀ ਕੀਤੀ , ਜਿਸ ਦਾ ਸ਼ਲਾਘਾਯੋਗ ਜਿਕਰ ਰਾਜ ਸਭਾ ਇਜਲਾਸ 'ਚ ਕੇਂਦਰੀ ਸੜਕ ਮੰਤਰੀ ਸ੍ਰੀ ਨਿ◌ਤਨ ਗਡਕਰੀ ਨੇ ਕਰਦਿਆਂ ਸਪੱਸ਼ਟ ਕੀਤਾ ਕਿ ਪੰਜਾਬ ਸਰਕਾਰ ਵਲੋਂ ਲਾਗੂ ਕੀਤੀ ਗਈ ਸੜਕ ਸੁਰੱਖਿਆ ਫੋਰਸ ਯੋਜਨਾ ਨਾਲ ਪੰਜਾਬ 'ਚ ਪਹਿਲਾਂ ਹੁੰਦੀਆਂ ਸੜਕੀ ਦੁਰਘਟਨਾਵਾਂ ਦੀ ਮੌਤ ਦਰ 'ਚ 48 ਫੀਸਦੀ ਕਮੀ ਆਈ ਹੈ, ਜਿਸਦੀ ਪ੍ਰਸੰਸਾ ਕਰਨੀ ਬਣਦੀ ਹੈ। ਸ. ਧਾਲੀਵਾਲ ਨੇ ਦਾਅਵਾ ਕੀਤਾ ਕਿ ਸੂਬਾ ਭਗਵੰਤ ਮਾਨ ਸਰਕਾਰ ਨੇ ਆਪਣੇ ਛੋਟੇ ਜਿਹੇ ਮੁਢਲੇ 4 ਸਾਲਾਂ ਦੇ ਕਾਰਜਕਾਲ 'ਚ ਚਹੁੰਮੁਖੀ ਵਿਕਾਸ, ਰੁਜਗਾਰ, ਯੁੱਧ ਨਸ਼ਿਆਂ ਵਿਰੁੱਧ , ਗੈਂਗਸਟਰਾਂ ਵਿਰੁੱਧ ਪ੍ਰਹਾਰ, ਤੇ ਅਮਨ ਕਾਨੂੰਨ ਦੀ ਬਹਾਲੀ 'ਚ ਉਹ ਵੱਡੀਆਂ ਪ੍ਰਾਪਤੀਆਂ ਕਰ ਵਿਖਾਈਆਂ ਹਨ, ਜੋ 1952 ਤੋਂ ਲੈ ਕੇ ਪੰਜਾਬ ਦੇ ਸੱਤਾ ਤੇ ਕਾਬਜ਼ ਰਹੀਆਂ ਕਾਂਗਰਸ , ਅਕਾਲੀ ਤੇ ਭਾਜਪਾ ਸਰਕਾਰਾਂ 70 ਸਾਲਾਂ ਵਿੱਚ ਹੀ ਨਹੀਂ ਕਰ ਸਕੀਆਂ।ਜਦੋਂਕਿ ਇਸ ਤੋਂ ਪਹਿਲਾਂ ਇਹ ਰਵਾਇਤੀ ਪਾਰਟੀਆਂ ਆਪਣੇ ਚੋਣ ਵਾਅਦਿਆਂ /ਚੋਣ ਮੈਨੀਫੈਸਟੋ ਨੂੰ ਫਜ਼ੂਲ ਸਮਝ ਕੇ ਰੱਦੀ ਦੀ ਟੋਕਰੀ 'ਚ ਸੁੱਟਣ ਦੀਆਂ ਕੁਰੀਤੀਆਂ ਅਪਣਾਉਂਦੀਆਂ ਰਹੀਆਂ ਹਨ। ਸ. ਧਾਲੀਵਾਲ ਨੇ ਕੇਂਦਰੀ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਕਿਹਾ ਕਿ ਕੇਂਦਰੀ ਸਰਕਾਰ ਵਲੋਂ ਆਪਣੇ ਕਥਿਤ ਤੌਰ ਤੇ ਪੰਜਾਬ, ਪੰਜਾਬੀ , ਪੰਜਬੀਅਤ ਵਿਰੋਧੀ ਏਜੰਡੇ ਤਹਿਤ ਸਿਆਸੀ ਬਦਲਾਖੋਰੀ ਏਜੰਡੇ ਤਹਿਤ ਸੂਬੇ ਦੇ ਜਾਮ ਕਰਕੇ ਰੱਖੇ ਗਏ 8300 ਕਰੋੜ ਰੁਪਏ ਤੋਂ ਵੱਧ ਰਕਮ ਦੇ ਪੇਂਡੂ ਵਿਕਾਸ ਫੰਡ ਦੇ ਬਾਵਜੂਦ ਜਿੱਥੇ ਮਾਨ ਸਰਕਾਰ ਨੇ ਪੰਜਾਬ ਦੇ ਬੁਨਿਆਦੀ ਢਾਂਚੇ 'ਚ ਵਿਕਾਸ ਕ੍ਰਾਂਤੀ ਲਿਆਂਉਂਦਿਆਂ 40 ਹਜਾਰ ਕਿਲੋਮੀਟਰ ਤੋਂ ਵੱਧ ਲੰਮੀਆਂ ਸੜਕਾਂ, 9 ਹਜਾਰ ਦੇ ਕਰੀਬ ਪੇਂਡੂ ਖੇਡ ਸਟੇਡੀਅਮ ਸਰਕਾਰੀ ਸਕੂਲਾਂ ਦੀ ਵਿ◌ਦਆ ਤੇ ਬੁਨਿਆਦੀ ਢਾਂਚੇ ਦਾ ਮਿਆਰ ਉੱਚਾ ਚੁਕਣ ਲਈ ਸਿ◌ਖਆ ਕ੍ਰਾਂਤੀ ਲਾਗੂ ਕਰਕੇ ਸਰਕਾਰੀ ਸਕੂਲਾਂ ਦੇ ਵਿ◌ਦਆਰਥੀਆਂ ਨੂੰ ਜੇਈਈ , ਨੀਟ ਪ੍ਰੀਖਿਆਵਾਂ 'ਚੋਂ ਚੰਗੀਆਂ ਪੁਜੀਸ਼ਨਾਂ ਤੇ ਦਰਜੇ ਹਾਸਲ ਕਰਨ ਦੇ ਯੋਗ ਬਣਾਇਆ ਹੈ। ਸ. ਧਾਲੀਵਾਲ ਨੇ ਇਨ੍ਹਾਂ ਪੇਂਡੂ ਜਨਤਕ ਮੀਟਿੰਗਾਂ ਦੌਰਾਨ ਹਲਕੇ 'ਚ ਕੁੱਝ ਗ੍ਰਾਮ ਪੰਚਾਇਤਾਂ ਦੇ ਸਰਪੰਚਾਂ ਵੱਲੋਂ ਸਰਕਾਰੀ ਗ੍ਰਾਂਟਾ ਨਾਲ ਵਿਕਾਸ ਕਾਰਜ ਮੁਕੰਮਲ ਕਰਵਾਉਣ 'ਚ ਵਰਤੀ ਜਾ ਰਹੀ ਅਣਗਹਿਲੀ ਦੀਆਂ ਮਿਲੀਆਂ ਸ਼ਿਕਇਤਾਂ ਦਾ ਨੋਟਿਸ ਲੈਂਦਿਆਂ ਕਿਹਾ ਕਿ ਜਿਹੜੇ ਸਰਪੰਚ ਆਪਣੀ ਬਣਦੀ ਜਿੰਮੇਵਾਰੀ ਨਹੀਂ ਨਿਭਾਅ ਰਹੇ, ਉਹਨਾਂ ਖ਼ਿਲਾਫ਼ ਨਿਯਮਾਂ ਅਨੁਸਾਰ ਵਿਭਾਗੀ ਕਾਰਵਾਈ ਕਰਦਿਆਂ ਸਰਪੰਚੀ ਸੰਵਿਧਾਨਿਕ ਅਧਿਕਾਰ ਵਾਪਸ ਲੈਣ ਲਈ ਉਚਿਤ ਕਾਰਵਾਈ ਕਰਕੇ ਉਨ੍ਹਾਂ ਪੰਚਾਇਤਾਂ 'ਚ ਪ੍ਰਬੰਧਕ ਲੱਗਾ ਕੇ ਵਿਕਾਸ ਕਾਰਜ ਨੇਪਰੇ ਚਾੜ੍ਹੇ ਜਾਣਗੇ। ਵਿਕਾਸ ਕਾਰਜਾਂ ਚ ਕੁਤਾਹੀ, ਅਣਗਹਿਲੀ ਤੇ ਭ੍ਰਿਸ਼ਟਾਚਾਰ ਕਦਾਚਿਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਤੇ ਬਲਾਕ ਸੰਮਤੀ ਚੇਅਰਮੈਨ ਸਰਪੰਚ ਪ੍ਰਿਥੀਪਾਲ ਸਿੰਘ ਘੋਹਨੇਵਾਲਾ, ਬਲਾਕ ਇੰਚਾਰਜ ਅਮਰੀਕ ਸਿੰਘ, ਸੰਤੋਖ ਸਿੰਘ ਸਮੇਤ ਪਿੰਡਾਂ ਦੇ ਸਰਪੰਚ – ਪੰਚ , ਮੋਹਤਬਰ, ਤੇ ਪਾਰਟੀ ਵਲੰਟੀਅਰ ਮੌਜੂਦ ਸਨ।




## ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ, ਸੁਹਾਵਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਬਹੁਤ ਉਤਸ਼ਾਹ ਅਤੇ ਸ਼ਾਨ ਨਾਲ ਕਰਵਾਇਆ।




**ਚੋਹਲਾ ਸਾਹਿਬ 26 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ, ਸੁਹਾਵਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਬਹੁਤ ਉਤਸ਼ਾਹ ਅਤੇ ਸ਼ਾਨ ਨਾਲ ਕਰਵਾਇਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਦੀ ਅਕਾਦਮਿਕ ਉੱਤਮਤਾ ਅਤੇ ਸੈਸ਼ਨ ਲਈ ਸਮੁੱਚੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ,ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ (ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ), ਵਾਈਸ ਪ੍ਰਿੰਸੀਪਲ ਅਤੇ ਸਟਾਫ਼ ਸਮੇਤ ਨਿੱਘੇ ਸਵਾਗਤ ਨਾਲ ਹੋਈ। ਪ੍ਰੋਗਰਾਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਦੁਆਰਾ ਸੱਭਿਆਚਾਰਕ ਪ੍ਰਦਰਸ਼ਨਾਂ ਵਿੱਚ ਲੋਕ ਨਾਚ, ਸਮੂਹ ਗੀਤ ਅਤੇ ਹੋਰ ਰਚਨਾਤਮਕ ਗਤੀਵਿਧੀਆਂ, ਜੋਕਿ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਕਲਾਂ ਨੂੰ ਦਰਸਾਉਂਦੀਆਂ ਸਨ।ਇਹ ਸਮਾਗਮ ਦੀ ਮੁੱਖ ਗੱਲ ਇਨਾਮ ਵੰਡ ਸਮਾਰੋਹ ਸੀ, ਜਿੱਥੇ ਆਪਣੀਆਂ ਅੰਤਿਮ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ ਅਤੇ ਵਿਦਿਆਰਥੀਆਂ ਦੀ ਸਫਲਤਾ ਅਤੇ ਸਮਰਪਣ ਦੀ ਸ਼ਲਾਘਾ ਕੀਤੀ।ਪਤਵੰਤਿਆਂ ਨੇ ਇਕੱਠ ਨੂੰ ਵੀ ਸੰਬੋਧਨ ਕੀਤਾ, ਵਿਦਿਆਰਥੀਆਂ ਨੂੰ ਅਨੁਸ਼ਾਸਨ ਬਣਾਈ ਰੱਖਣ, ਸਖ਼ਤ ਮਿਹਨਤ ਕਰਨ ਅਤੇ ਆਪਣੇ ਜੀਵਨ ਵਿੱਚ ਨੈਤਿਕ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਵਾਈਸ ਪ੍ਰਿੰਸੀਪਲ ਅਨਿਲ ਕੁਮਾਰ ਨੇ ਮਹਿਮਾਨਾਂ, ਸਟਾਫ਼ ਅਤੇ ਮਾਪਿਆਂ ਦਾ ਉਨ੍ਹਾਂ ਦੇ ਨਿਰੰਤਰ ਸਮਰਥਨ ਲਈ ਧੰਨਵਾਦ ਕੀਤਾ।

## ਮੇਰਾ ਯੁਵਾ ਭਾਰਤ ਨੇ ਛੇ ਰੋਜ਼ਾ ਕਸ਼ਮੀਰੀ ਯੂਥ ਐਕਸਚੇਂਜ ਪ੍ਰੋਗਰਾਮ ਦਾ ਕੀਤਾ ਆਗਾਜ਼



**ਚੋਹਲਾ ਸਾਹਿਬ 26 ਮਾਰਚ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਮੇਰਾ ਯੁਵਾ ਭਾਰਤ ਤਰਨ ਤਾਰਨ ਵੱਲੋਂ ਗ੍ਰਹਿ ਮੰਤਰਾਲੇ ਅਤੇ ਯੁਵਾ ਮਾਮਲਿਆਂ ਅਤੇ ਖੇਡ ਮੰਤਰਾਲੇ ਦੀ ਸਾਂਝੀ ਪਹਿਲਕਦਮੀ 'ਕਸ਼ਮੀਰੀ ਯੂਥ ਐਕਸਚੇਂਜ ਪ੍ਰੋਗਰਾਮ' ਦਾ ਆਗਾਜ਼ ਅੱਜ ਯੂਥ ਹੋਸਟਲ, ਤਰਨ ਤਾਰਨ ਵਿਖੇ ਡਿਪਟੀ ਡਾਇਰੈਕਟਰ ਮੈਡਮ ਜਸਲੀਨ ਕੌਰ ਦੀ ਅਗਵਾਈ ਹੇਠ ਹੋਇਆ। 29 ਮਾਰਚ ਤੱਕ ਚੱਲਣ ਵਾਲੇ ਇਸ ਛੇ ਰੋਜ਼ਾ ਪ੍ਰੋਗਰਾਮ ਦੇ ਉਦਘਾਟਨੀ ਸਮਾਰੋਹ ਵਿਚ ਸਬ-ਡਵੀਜ਼ਨਲ ਮੈਜਿਸਟਰੇਟ ਤਰਨ ਤਾਰਨ ਡਾ. ਕਰਨਵੀਰ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਆਪਣੇ ਸੰਬੋਧਨ ਵਿੱਚ ਡਾ. ਕਰਨਬੀਰ ਸਿੰਘ ਨੇ ਦੇਸ਼ ਦੇ ਵੱਖ-ਵੱਖ ਖੇਤਰਾਂ ਦੇ ਨੌਜਵਾਨਾਂ ਵਿਚ ਏਕਤਾ ਅਤੇ ਆਪਸੀ ਸਮਝ ਨੂੰ ਮਜ਼ਬੂਤ ਕਰਨ ਵਿਚ ਅਜਿਹੀਆਂ ਪਹਿਲਕਦਮੀਆਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਭਾਗੀਦਾਰਾਂ ਨੂੰ ਸਿੱਖਣ ਅਤੇ ਸਥਾਈ ਸਬੰਧ ਬਣਾਉਣ ਦੇ ਇਸ ਮੌਕੇ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਉਤਸ਼ਾਹਿਤ ਕੀਤਾ।ਡਿਪਟੀ ਡਾਇਰੈਕਟਰ ਜਸਲੀਨ ਕੌਰ ਨੇ ਮੁੱਖ ਮਹਿਮਾਨ ਅਤੇ ਭਾਗੀਦਾਰਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ ਅਤੇ ਪ੍ਰੋਗਰਾਮ ਦੇ ਮੁੱਖ ਉਦੇਸ਼ਾਂ ਨੂੰ ਉਜਾਗਰ ਕੀਤਾ, ਜਿਸ ਵਿਚ ਨੌਜਵਾਨਾਂ ਦੀ ਸ਼ਮੂਲੀਅਤ, ਰਾਸ਼ਟਰੀ ਏਕਤਾ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ 'ਤੇ ਜ਼ੋਰ ਦਿੱਤਾ ਗਿਆ।ਸਮਾਗਮ ਦੀ ਸ਼ੁਰੂਆਤ ਦੀਪ ਜਗਾਉਣ ਦੀ ਰਸਮ ਨਾਲ ਹੋਈ, ਜਿਸ ਤੋਂ ਬਾਅਦ ਪੁਲਵਾਮਾ ਜ਼ਿਲ੍ਹੇ ਦੇ ਭਾਗੀਦਾਰਾਂ ਦੁਆਰਾ ਗੀਤ ਪੇਸ਼ ਕੀਤਾ ਗਿਆ, ਜਿਸ ਤੋਂ ਬਾਅਦ ਕਸ਼ਮੀਰੀ ਭਾਗੀਦਾਰਾਂ ਦੁਆਰਾ ਇੱਕ ਸੱਭਿਆਚਾਰਕ ਪੇਸ਼ਕਾਰੀ ਦਿੱਤੀ ਗਈ, ਜਿਸ ਵਿਚ ਉਨ੍ਹਾਂ ਦੀਆਂ ਅਮੀਰ ਪਰੰਪਰਾਵਾਂ ਅਤੇ ਸੱਭਿਆਚਾਰਕ ਵਿਰਾਸਤ ਦਾ ਪ੍ਰਦਰਸ਼ਨ ਕੀਤਾ ਗਿਆ। ਜਾਗਰੂਕਤਾ ਸੈਸ਼ਨਾਂ ਦੇ ਹਿੱਸੇ ਵਜੋਂ ਐਸ.ਐਚ.ਓ ਹਰਵਿੰਦਰ ਕੌਰ ਨੇ ਸਾਈਬਰ ਜਾਗਰੂਕਤਾ 'ਤੇ ਬੋਲਦਿਆਂ ਨੌਜਵਾਨਾਂ ਨੂੰ ਆਨਲਾਈਨ ਸੁਰੱਖਿਆ, ਸਾਈਬਰ ਅਪਰਾਧ ਰੋਕਥਾਮ ਅਤੇ ਜ਼ਿੰਮੇਵਾਰ ਡਿਜੀਟਲ ਵਿਵਹਾਰ ਬਾਰੇ ਜਾਗਰੂਕ ਕੀਤਾ।ਸਿਵਲ ਹਸਪਤਾਲ, ਤਰਨਤਾਰਨ ਤੋਂ ਡਾ. ਜੈਸਮੀਨ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਨਾਲ ਜੁੜੇ ਜੋਖਮਾਂ ਅਤੇ ਇਕ ਸਿਹਤਮੰਦ ਜੀਵਨ ਸ਼ੈਲੀ ਦੀ ਮਹੱਤਤਾ ਨੂੰ ਉਜਾਗਰ ਕੀਤਾ।ਡਿਪਟੀ ਡਾਇਰੈਕਟਰ ਜਸਲੀਨ ਕੌਰ ਨੇ ਦੱਸਿਆ ਕਿ ਛੇ ਦਿਨਾਂ ਦੇ ਪ੍ਰੋਗਰਾਮ ਦੌਰਾਨ ਭਾਗੀਦਾਰ ਸ੍ਰੀ ਹਰਿਮੰਦਰ ਸਾਹਿਬ, ਜਲ੍ਹਿਆਂਵਾਲਾ ਬਾਗ, ਰਾਸ਼ਟਰੀ ਅਜਾਇਬ ਘਰ ਅਤੇ ਅਟਾਰੀ ਸਰਹੱਦ ਸਮੇਤ ਪ੍ਰਮੁੱਖ ਸਥਾਨਾਂ ਦੇ ਯੋਜਨਾਬੱਧ ਦੌਰੇ ਰਾਹੀਂ ਪੰਜਾਬ ਦੇ ਅਮੀਰ ਸੱਭਿਆਚਾਰ ਅਤੇ ਵਿਰਾਸਤ ਦਾ ਅਨੁਭਵ ਵੀ ਕਰਨਗੇ

